ਪ੍ਰਕਾਸ਼ਨ ਨੰ:
140

# ਸ਼ਬਦ ਵੀਚਾਰ ਦੀਆਂ ਬਰਕਤਾਂ

(ਸਭਸੈਂ ਊਪਰਿ ਗੁਰ ਸਬਦੁ ਬੀਚਾਰੁ)

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

5 ਰੁਪਏ

੧ੴ ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰਕਾਸ਼ਨ ਨੰ: 140

# ਸ਼ਬਦ ਵਿਚਾਰ ਦੀਆਂ ਬਰਕਤਾਂ

## (ਸਭਸੈਂ ਉਪਰਿ ਗੁਰ ਸਬਦੁ ਬੀਚਾਰੁ)

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ।

ੴ ਵਾਹਿਗੁਰੂ ਜੀ ਕੀ ਫਤਹਿ

# ਤੱਤਕਰਾ


| | | |
|---|---|---|
| 1. | ਸਭਸੈ ਊਪਰਿ ਗੁਰ ਸਬਦੁ ਬੀਚਾਰੁ | 3 |
| 2. | ਸ਼ਬਦ ਕੀ ਹੈ ? | 6 |
| 3. | ਸ਼ਬਦ ਕਮਾਈ ਦੀਆਂ ਬਰਕਤਾਂ | 13 |
| | (ੳ) ਸ਼ਬਦ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ | ੧੫ |
| | (ਅ) ਸ਼ਬਦ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ | 18 |
| | (ੲ) ਸ਼ਬਦ-ਵੀਚਾਰ ਨਾਲ ਵਿਕਾਰਾਂ ਤੋਂ ਖਲਾਸੀ ਹੁੰਦੀ ਹੈ | 20 |
| | (ਸ) ਸ਼ਬਦ ਦੁਆਰਾ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ | 22 |
| | (ਹ) ਸ਼ਬਦ ਦੀ ਕਿਰਪਾ ਸਦਕਾ ਮੌਤ ਦਾ ਡਰ ਦੂਰ ਹੋ ਜਾਂਦਾ ਹੈ | 23 |
| | (ਕ) ਸ਼ਬਦ-ਵੀਚਾਰ ਦੀਆਂ ਹੋਰ ਬਰਕਤਾਂ | 24 |
| 4. | ਸ਼ਬਦ-ਵੀਚਾਰ ਤੋਂ ਵਾਂਝੇ ਮਨੁੱਖਾਂ ਦੀ ਦਸ਼ਾ | 26 |
| 5. | ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ! | 29 |

# ਸਭਸੈ ਊਪਰਿ ਗੁਰ ਸਬਦੁ ਬੀਚਾਰੁ

ਗੁਰਸਿੱਖਾਂ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਮ ਤੌਰ ਤੇ ਸ਼ਬਦ-ਅਵਤਾਰ ਕਿਹਾ ਜਾਂਦਾ ਹੈ, ਜਿਸ ਤੋਂ ਸੁਤੇ ਸਿਧ ਹੀ ਪ੍ਰਗਟ ਹੁੰਦਾ ਹੈ ਕਿ ਸਿੱਖ ਵਿਚਾਰਧਾਰਾ ਵਿੱਚ 'ਸ਼ਬਦ' ਨੂੰ ਪ੍ਰਮੁਖਤਾ ਦਿੱਤੀ ਗਈ ਹੈ ਅਤੇ ਸੱਚਾ ਸਿੱਖ ਹੋਣਾ ਸ਼ਬਦ ਦੀ ਸੇਧ ਵਿੱਚ ਜੀਵਨ ਗੁਜ਼ਾਰਨ ਨੂੰ ਕਿਹਾ ਜਾਂਦਾ ਹੈ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸ਼ਰਧਾ ਸਹਿਤ ਮੱਥਾ ਟੇਕਦੇ ਹਾਂ ਤਾਂ ਉਸ ਦਾ ਭਾਵ ਵੀ ਇਹੀ ਹੁੰਦਾ ਹੈ ਕਿ ਅਸੀਂ ਗੁਰੂ ਸਾਹਿਬ ਦੇ ਹੁਕਮਾਂ (ਸ਼ਬਦ), ਆਗਿਆ ਅਥਵਾ ਉਪਦੇਸ਼ਾਂ ਨੂੰ ਸਰਬ ਉੱਚ ਮੰਨਦੇ ਹਾਂ ਅਤੇ ਇਹਨਾਂ ਨੂੰ ਤਨੋਂ-ਮਨੋਂ ਮੰਨਣ ਦਾ ਇਕਰਾਰ ਕਰਦੇ ਹਾਂ। ਇਸ ਵਿਚਾਰ ਨੂੰ ਗੁਰਬਾਣੀ ਵਿੱਚ ਵੀ ਦ੍ਰਿੜ ਕਰਵਾਇਆ ਗਿਆ ਤੇ ਸਪੱਸ਼ਟ ਉਪਦੇਸ਼ ਦਿੱਤਾ ਗਿਆ ਹੈ ਕਿ ਸਤਿਗੁਰਾਂ ਦੇ ਨਿਰੇ ਦਰਸ਼ਨ-ਮਾਤਰ ਨਾਲ ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ, ਸਗੋਂ ਮੁਕਤ-ਅਵਸਥਾ ਜਾਂ ਸਹਿਜ-ਅਵਸਥਾ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਸਿੱਖ, ਗੁਰੂ ਸ਼ਬਦ ਦਾ ਵਿਚਾਰ-ਸਹਿਤ ਪਾਠ ਕਰਨ ਅਤੇ ਉਸਨੂੰ ਆਪਣੇ ਜੀਵਨ ਵਿੱਚ ਅਪਨਾਉਣ। ਗੁਰ-ਫੁਰਮਾਨ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰ ।।
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰ ।।

(ਸਲੋਕ, ਮ: ੩—੫੯੪)

ਸ੍ਰੀ ਗੁਰੂ ਰਾਮਦਾਸ ਜੀ ਗੁਰੂ ਦੀ ਆਗਿਆ ਨੂੰ ਮੰਨਣ ਬਾਰੇ ਫੁਰਮਾਉਂਦੇ ਹਨ ਕਿ ਬਾਣੀ ਦਾ ਪਾਠ, ਸੁਣਨਾ ਤੇ ਕੀਰਤਨ ਕਰਨਾ/ਸੁਣਨਾ ਉਹਨਾਂ ਦਾ ਹੀ ਸਫਲ ਹੈ ਜਿਹੜੇ ਸਿੱਖ ਗੁਰੂ ਦੀ ਆਗਿਆ (ਸ਼ਬਦ) ਨੂੰ ਸਤਿ-ਸਤਿ ਮੰਨ ਕੇ ਹਿਰਦੇ ਵਿੱਚ ਧਾਰਦੇ ਹਨ ਅਤੇ ਇਸ ਅਨੁਸਾਰ ਜੀਵਨ ਬਸਰ ਕਰਦੇ ਹਨ :

ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ।।
ਗਾਵਿਆ ਸੁਣਿਆ ਤਿਨਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ।।

(ਧਨਾਸਰੀ, ਮ: ੪—੬੬੯)

ਇਸੇ ਭਾਂਤ ਦੇ ਵਿਚਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰਗਟ ਕੀਤੇ ਹਨ :

ਗੁਰ ਕਹਿਆ ਸਾ ਕਾਰ ਕਮਾਵਹੁ ।।
ਸਬਦੁ ਚੀਨਿ ਸਹਜ ਘਰਿ ਆਵਹੁ ।।
ਸਾਚੈ ਨਾਇ ਵਡਾਈ ਪਾਵਹੁ ।।

(ਬਿਲਾਵਲੁ, ਮਹਲਾ ੩ ਅਸਟਪਦੀਆਂ—੮੩੨)

ਸਪੱਸ਼ਟ ਹੈ ਕਿ ਸਤਿਗੁਰਾਂ ਅੱਗੇ ਸੀਸ ਝੁਕਾਉਣ ਦਾ ਅਸਲ ਮੰਤਵ ਹੈ ਕਿ ਗੁਰੂ-ਹੁਕਮਾਂ (ਸ਼ਬਦ) ਦੀ ਸਮਝ ਪਵੇ ਤੇ ਫਿਰ ਉਹਨਾਂ ਹੁਕਮਾਂ ਦੀ ਕਮਾਈ ਕੀਤੀ ਜਾਵੇ। ਇਹਨਾਂ ਵਿਚਾਰਾਂ ਦੀ ਰੋਸ਼ਨੀ ਵਿੱਚ ਜੇ ਅਸੀਂ ਅਜੋਕੇ ਸਿੱਖ-ਸਮਾਜ ਦੇ ਜੀਵਨ-ਵਰਤਾਰੇ ਦਾ ਬਹੁ-ਪੱਖੀ ਅਧਿਐਨ ਕਰੀਏ ਤਾਂ ਸਾਨੂੰ ਇਹ ਪਤਾ ਲਗਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰਸਮੀ-ਸਤਿਕਾਰ ਤਾਂ ਬਹੁਤ ਕਰਦੇ ਹਾਂ, ਪਰ ਗੁਰੂ ਹੁਕਮਾਂ ਨੂੰ ਸਮਝਣ ਦਾ ਯਤਨ ਨਹੀਂ ਕਰਦੇ। ਆਮ ਸਿੱਖਾਂ ਦੀ ਤਾਂ ਗੱਲ ਕੀ, ਉਹ ਗੁਰਸਿੱਖ ਜਿਹੜੇ ਬਾਣੀ ਦਾ ਪਾਠ, ਵੀਚਾਰ ਤੇ ਕੀਰਤਨ ਆਦਿ ਦੀ ਸੇਵਾ ਨਿਭਾ ਰਹੇ ਹਨ ਉਹ ਵੀ ਇਸ ਪੱਖੋਂ ਅਵੇਸਲੇ ਹੋਏ ਪਏ ਹਨ। ਸਿੱਟਾ ਇਹ ਨਿਕਲਿਆ ਹੈ ਕਿ ਅਸੀਂ ਸਤਿਗੁਰਾਂ ਦੇ ਅਧਿਆਤਮਕ, ਸਮਾਜਕ, ਆਰਥਕ ਤੇ ਰਾਜਨੀਤਕ ਵਿਚਾਰਾਂ ਨੂੰ ਆਪਣੇ ਕੌਮੀ ਜੀਵਨ ਵਿੱਚ ਪੂਰੀ ਤਰ੍ਹਾਂ ਅਪਣਾ ਨਹੀਂ ਸਕੇ ਅਤੇ ਕਿਤੇ-ਕਿਤੇ ਤਾਂ ਗੁਰੂ-ਹੁਕਮਾਂ ਦੇ ਵਿਰੁੱਧ ਕਰਮ ਕਰਨ ਦੇ ਪਾਪ ਦੇ ਭਾਗੀ ਬਣ ਰਹੇ ਹਾਂ।

ਉਦਾਹਰਣ ਵਜੋਂ, ਇੱਕ ਅਕਾਲ ਪੁਰਖ ਦੇ ਪੁਜਾਰੀ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਅਸੀਂ ਸੰਗ੍ਰਾਂਦ, ਪੂਰਨਮਾਸ਼ੀ, ਮੱਸਿਆ ਵਾਲੇ ਦਿਨ ਵਿਸ਼ੇਸ਼ ਦੀਵਾਨ ਸਜਾਉਂਦੇ ਹਾਂ, ਜੋ ਕਿ ਸੂਰਜ ਤੇ ਚੰਦ ਦੀ ਪੂਜਾ ਨਾਲ ਸੰਬੰਧਿਤ ਦਿਨ ਹਨ। ਕਈ ਸਿੱਖ ਜਗਰਾਤਿਆਂ ਵਿੱਚ ਹਾਜ਼ਰੀ ਭਰ ਕੇ ਦੇਵੀ/ਦੇਵਤਿਆਂ ਦੀ ਪੂਜਾ ਵਿੱਚ ਸ਼ਾਮਿਲ ਹੁੰਦੇ ਹਨ ਜੋ ਗੁਰਮਤਿ ਵਿੱਚ ਪੂਰੀ ਤਰ੍ਹਾਂ ਵਿਵਰਜਿਤ ਹੈ। ਅਖੰਡ ਪਾਠ ਸਮੇਂ ਦੂਜਿਆਂ ਦੀ ਵੇਖਾ-ਵੇਖੀ ਕੁੰਭ, ਨਾਰੀਅਲ ਆਦਿ ਰੱਖੇ ਜਾਂਦੇ ਹਨ ਤੇ ਧੂਫ ਧੁਖਾਇਆ ਜਾਂਦਾ ਹੈ। ਜਿਹੜਾ 'ਆਰਤੀ' ਦਾ ਸ਼ਬਦ ਰਸਮੀ ਆਰਤੀ ਮਨ੍ਹਾਂ ਕਰਨ ਲਈ ਉਚਾਰਿਆ ਗਇਆ ਹੈ, ਅਸੀਂ ਉਸ ਨਾਲ ਕੁੱਝ ਹੋਰ ਸ਼ਬਦ ਜੋੜ ਕੇ 'ਆਰਤੀ' ਬਣਾ ਲਈ ਹੈ। ਕਈ ਥਾਈਂ ਤਾਂ ਥਾਲ ਵਿੱਚ ਦੀਵੇ ਆਦਿ ਸਜਾ ਕੇ, ਟੱਲ/ਟੱਲੀਆਂ ਖੜਕਾ ਕੇ ਸਤਿਗੁਰਾਂ ਦੀ ਆਰਤੀ ਉਤਾਰੀ ਜਾ ਰਹੀ ਹੈ, ਗੁਰਦੁਆਰਿਆਂ ਵਿੱਚ ਮੂਰਤਾਂ (ਤਸਵੀਰਾਂ) ਦੀ ਪੂਜਾ ਕੀਤੀ ਜਾ ਰਹੀ ਹੈ ਭਾਵੇਂ ਸਿੱਖ-ਸਿਧਾਂਤ 'ਗੁਰਮੂਰਤਿ ਗੁਰ ਸਬਦੁ ਹੈ' ਦਾ ਉਪਦੇਸ਼ ਦ੍ਰਿੜ ਕਰਾਉਂਦੇ ਹਨ। ਚਾਲੀਹੇ ਕੱਟਣੇ, ਪਾਪ-ਕੱਟਣ ਲਈ ਸਰੋਵਰਾਂ ਵਿੱਚ ਉਚੇਚੇ ਇਸ਼ਨਾਨ ਕਰਨੇ, ਸ਼ਨਿੱਚਰਵਾਰ ਨੂੰ ਛੋਲਿਆਂ ਦਾ 'ਪ੍ਰਸ਼ਾਦ' ਕਰਾਉਣਾ, ਚੰਗੇ-ਮਾੜੇ ਦਿਨਾਂ ਦੀ ਵੀਚਾਰ ਕਰਨੀ, ਮਹੂਰਤ ਕਢਵਾਉਣੇ ਆਦਿਕ ਅਨੇਕਾਂ ਹੀ ਗੁਰਮਤਿ-ਵਿਰੋਧੀ ਕਰਮ ਹਨ, ਜਿਨ੍ਹਾਂ ਦੀ ਦਲਦਲ ਵਿੱਚ ਅਨੇਕਾਂ ਹੀ 'ਧਰਮ-ਭਾਵਨਾ' ਵਾਲੇ 'ਸਿੱਖ' ਫਸੇ ਪਏ ਹਨ। ਰਜਦੇ-ਪੁਜਦੇ ਸਿੱਖ 'ਸੇਵਕ' ਬਣਨ ਦੀ ਥਾਂ ਉੱਤੇ 'ਦਾਨੀ' ਬਣਨ ਵਿੱਚ ਫਖਰ ਸਮਝਦੇ ਹਾਂ। ਸਿੱਖ ਬੀਬੀਆਂ ਕਈ ਤਰ੍ਹਾਂ ਦੇ ਵਰਤ ਰੱਖਦੀਆਂ ਹਨ। ਜਨਮ, ਵਿਆਹ ਤੇ ਅੰਤਮ ਸੰਸਕਾਰ ਨਾਲ ਕਈ ਗੁਰਮਤਿ ਵਿਰੋਧੀ ਰਸਮਾਂ ਜੁੜ ਗਈਆਂ ਹਨ। ਖੁਸ਼ੀ ਦੇ ਸਮਾਗਮਾਂ ਸਮੇਂ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕਰਨ ਦੇ ਘੋਰ ਅਪਰਾਧੀ ਬਣ ਜਾਂਦੇ ਹਾਂ। ਅਖੰਡ ਪਾਠ ਰੱਖਿਆ ਜਾਂਦਾ ਹੈ, ਪਰ ਘਰ ਵਾਲਿਆਂ ਨੂੰ ਪਾਠ ਸੁਣਨ ਦੀ ਵਿਹਲ ਨਹੀਂ ਮਿਲਦੀ (ਜਾਂ ਉਹ ਇਸ ਨੂੰ ਵਾਧੂ ਕੰਮ ਸਮਝਦੇ ਹਨ)। ਹਾਂ, ਭੋਗ ਸਮੇਂ ਸਭ ਹਾਜ਼ਰ ਹੋ ਜਾਂਦੇ ਹਨ। ਇਹ 'ਧਾਰਮਕ ਸਮਾਗਮ' ਦੀ ਸਮਾਪਤੀ ਮਗਰੋਂ ਰੰਗਾ-ਰੰਗ ਪ੍ਰੋਗਰਾਮ ਸ਼ੁਰੂ ਹੋ ਜਾਂਦਾ ਹੈ। ਜਿੱਥੇ ਬੈਠ ਕੇ ਪਹਿਲਾਂ ਕੀਰਤਨ ਦਾ 'ਅਨੰਦ ਮਾਣਿਆ' ਹੁੰਦਾ ਹੈ ਉੱਥੇ ਹੀ ਸ਼ਰਾਬ ਦੇ ਦੌਰ ਚਲ ਪੈਂਦੇ ਹਨ ਅਤੇ ਕਈ ਥਾਈਂ ਨਾਚ-ਗਾਣੇ ਤੇ ਢੋਲ ਢਮੱਕੇ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਅਸੀਂ ਸਮਾਜਕ ਤੌਰ ਤੇ ਵੀ ਗੁਰੂ-ਉਪਦੇਸ਼ਾਂ ਵਿਰੁੱਧ ਵਿਹਾਰ ਕਰ ਰਹੇ ਹਾਂ। ਜਾਤ-ਪਾਤ ਛੂਤ-ਛਾਤ ਊਚ ਨੀਚ ਦੇ ਕੋਹੜ ਅਜੇ ਵੀ ਸਾਨੂੰ ਚਿਮੜੇ ਪਏ ਹਨ। ਗੁਰਬਾਣੀ ਵਿੱਚ ਇਸਤਰੀ ਤੇ ਮਰਦ ਨੂੰ ਬਰਾਬਰੀ ਦਿੱਤੀ ਗਈ ਹੈ, ਪਰ ਪੰਥ ਵਿੱਚ ਅਜਿਹੇ ਜੱਥੇ ਮੌਜੂਦ ਹਨ ਜੋ ਇਸਤਰੀਆਂ ਨੂੰ ਕ੍ਰਿਪਾਨ ਦਾ ਤੇ ਮਰਦਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਂਦੇ ਹਨ। ਦਾਜ ਦੇਣ/ਲੈਣ ਦੀ ਕੋਝੀ ਪ੍ਰਥਾ ਸਾਡੇ ਵਿੱਚ ਪੂਰੀ ਤਰ੍ਹਾਂ ਪ੍ਰਚਲਿਤ

ਹੈ। ਵਿਆਹ-ਸ਼ਾਦੀ ਦੇ ਸਮਾਗਮਾਂ ਤੇ ਰੁਪਏ-ਪੈਸੇ ਦੇ ਵਿਖਾਵੇ ਲਈ ਕਈ ਤਰ੍ਹਾਂ ਦੇ ਆਡੰਬਰ ਰਚੇ ਜਾਂਦੇ ਹਨ। ਇਸੇ ਹੀ ਤਰ੍ਹਾਂ ਭਾਵੇਂ ਗੁਰਬਾਣੀ ਵਿੱਚ ਸ਼ਸਤਰਾਂ ਦੀ ਵਰਤੋਂ, ਰੁਪਏ ਪੈਸੇ ਦੀ ਵੰਡ ਅਤੇ ਰਾਜਨੀਤੀ ਬਾਰੇ ਸਪੱਸ਼ਟ ਵਿਚਾਰ ਦਿੱਤੇ ਗਏ ਹਨ ਪਰ ਸਾਡੇ ਚੋਂ ਬਹੁਤਿਆਂ ਨੂੰ ਤਾਂ ਇਹਨਾਂ ਦਾ ਪਤਾ ਹੀ ਨਹੀਂ ਅਤੇ ਜਿਨ੍ਹਾਂ ਨੂੰ ਪਤਾ ਹੈ, ਉਨ੍ਹਾਂ ਵਿੱਚੋਂ ਬਹੁਤ ਘੱਟ ਹੀ ਇਹਨਾਂ ਦੀ ਸੇਧ ਵਿੱਚ ਤੁਰਦੇ ਹਨ। ਪੂਰੀ ਕੌਮ ਉੱਤੇ ਇਹਨਾਂ ਵਿਚਾਰਾਂ ਨੂੰ ਲਾਗੂ ਕਰਨਾ ਤਾਂ ਬਹੁਤ ਦੂਰ ਦੀ ਗੱਲ ਜਾਪਦੀ ਹੈ।

ਉੱਪਰ ਅਸੀਂ ਕੁੱਝ ਕੁ ਉਦਾਹਰਣਾਂ ਦਿੱਤੀਆਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਅਸੀਂ ਆਪਣੇ ਨਿਤ ਦੇ ਜੀਵਨ ਵਿੱਚ ਗੁਰੂ-ਉਪਦੇਸ਼ਾਂ ਦੇ ਵਿਰੁੱਧ ਕਈ ਕਰਮ ਕਰ ਰਹੇ ਹਾਂ। ਵਧੇਰੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਅਧਪੜ੍ਹ ਤੇ ਅਨਪੜ੍ਹ ਪ੍ਰਚਾਰਕਾਂ ਦੀ ਕ੍ਰਿਪਾ ਸਦਕਾ ਅਤੇ ਮਾਇਆ ਬਟੋਰੂ ਸਾਧਾਂ ਦੇ ਪਰਚਾਰ ਸਦਕਾ ਅਸੀਂ ਅਨੇਕਾਂ ਅਨਮਤੀ ਵਿਸ਼ਵਾਸਾਂ ਤੇ ਗੁਰਮਤਿ ਵਿਰੋਧੀ ਕਰਮਾਂ ਨੂੰ ਗੁਰਮਤਿ ਸਮਝਕੇ ਕਰੀ ਜਾ ਰਹੇ ਹਾਂ। ਸਾਡੀ ਇਹ ਦਸ਼ਾ ਦਾ ਕਾਰਨ ਇਹ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕੇਵਲ ਰਸਮੀਂ ਤੌਰ ਤੇ ਹੀ ਸੀਸ ਝੁਕਾਉਂਦੇ ਹਾਂ ਅਤੇ ਪਰਿਵਾਰਕ-ਸਮਾਗਮਾਂ ਸਮੇਂ ਅਖੰਡ ਪਾਠ ਵੀ ਇੱਕ ਰਸਮ ਦੀ ਪੂਰਤੀ ਵਜੋਂ ਹੀ ਕਰਵਾਉਂਦੇ ਹਾਂ, ਤੇ ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਨਹੀ ਬਣਾਉਂਦੇ। ਇਸਦਾ ਕਾਰਨ ਇਹ ਹੈ ਕਿ ਵਧੇਰੇ ਜ਼ੋਰ ਪਾਠ ਕਰਾਉਣ ਤੇ ਹੀ ਦਿੱਤਾ ਜਾ ਰਿਹਾ ਹੈ, ਗੁਰਬਾਣੀ ਨੂੰ ਸਮਝਣ-ਸਮਝਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਅਸੀਂ ਗੁਰਬਾਣੀ, ਸ਼ਬਦ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਤਾਂ ਹੀ ਅਖਵਾ ਸਕਦੇ ਹਾਂ, ਜੇ ਸਾਨੂੰ ਗੁਰ ਉਪਦੇਸ਼ਾਂ ਅਥਵਾ ਹੁਕਮਾਂ ਦੀ ਸਮਝ ਹੋਵੇ। ਇਹ ਸਮਝ ਗੁਰ-ਸ਼ਬਦ ਦੀ ਵਿਚਾਰ ਦੁਆਰਾ ਹੀ ਹੋ ਸਕਦੀ ਹੈ, ਇਸੇ ਲਈ ਗੁਰਬਾਣੀ ਵਿੱਚ ਥਾਂ-ਥਾਂ ਤੇ ਗੁਰ ਸ਼ਬਦ ਦੀ ਵਿਚਾਰ ਕਰਨ ਤੇ ਜ਼ੋਰ ਦਿੱਤਾ ਗਿਆ ਹੈ।

★ ★ ★

# ਸ਼ਬਦ ਕੀ ਹੈ ?

'ਸ਼ਬਦ' ਗੁਰਬਾਣੀ ਵਿੱਚੋਂ ਪ੍ਰਭੂ ਦੇ ਹੁਕਮ, ਸਤਿਗੁਰਾਂ ਨੂੰ ਪ੍ਰਭੂ ਤੋਂ ਪ੍ਰਾਪਤ ਹੋਏ ਗਿਆਨ, ਗੁਰਬਾਣੀ, ਧਰਮ ਅਤੇ ਨਾਮ ਦੇ ਅਰਥਾਂ ਵਿੱਚ ਆਇਆ ਹੈ। ਇਹ 'ਸ਼ਬਦ' ਓਪਰੇ ਤੌਰ ਤੇ ਭਾਵੇਂ ਵੱਖਰੇ-ਵੱਖਰੇ ਜਾਪਦੇ ਹਨ, ਪਰ ਇਹਨਾਂ ਦਾ ਅੰਤ੍ਰੀਵ ਅਰਥ/ ਭਾਵ-ਅਰਥ ਇੱਕੋ ਹੀ ਹੈ।

ਪ੍ਰਸਿੱਧ ਵਿਦਵਾਨ ਭਾ: ਕਾਨ੍ਹ ਸਿੰਘ ਜੀ ਨਾਭਾ 'ਸ਼ਬਦ' ਦੇ ਅਰਥਾਂ ਬਾਰੇ ਲਿਖਦੇ ਹਨ :

**"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਬਦ ਦੇ ਅਰਥ ਕਰਤਾਰ, ਸਤਿਗੁਰਾਂ ਦੁਆਰਾ ਪ੍ਰਾਪਤ ਹੋਇਆ ਕਰਤਾਰ ਦਾ ਹੁਕਮ, ਧਰਮ, ਗੁਰਮੰਤ੍ਰ ਅਤੇ ਗੁਰਬਾਣੀ ਹਨ।"**

(ਗੁਰਮਤ ਮਾਰਤੰਡ, ਭਾਗ ੧, ਪੰਨਾ ੧੪੧)

**ਪ੍ਰੋ: ਪ੍ਰੀਤਮ ਸਿੰਘ** ਨੇ ਸ਼ਬਦ ਦੇ ਅਰਥ ਸਦੀਵੀ ਅਤੇ ਅਟੱਲ ਸਚਾਈ ਕੀਤਾ ਹੈ ਜੋ ਪਰਮ-ਪੁਰਖਾਂ ਨੂੰ ਅਕਾਲ ਪੁਰਖ ਤੋਂ ਪ੍ਰਾਪਤ ਹੁੰਦੀ ਹੈ। ਆਪ ਲਿਖਦੇ ਹਨ :

**"ਨਿਰੰਕਾਰ ਇੱਕ ਖਾਸ ਦਾਤ ਦੇ ਕੇ ਕੁਝ ਪੁਰਸ਼ਾਂ ਨੂੰ ਇਸ ਦੁਨੀਆਂ ਵਿੱਚ ਭੇਜਦਾ ਹੈ। ਸਿੱਖ ਧਰਮ ਵਿੱਚ 'ਗੁਰੂ' ਸ਼ਬਦ ਇਹਨਾਂ ਪਰਮ-ਪੁਰਖਾਂ ਲਈ ਵਰਤਿਆ ਗਿਆ ਹੈ। ਇਹ ਪਰਮ-ਪੁਰਖ ਆਪਣੀ ਹਉਮੈ ਨੂੰ ਮਾਰ ਕੇ ਨਿਰੰਕਾਰ ਨਾਲ ਅਭੇਦ ਹੋ ਜਾਂਦੇ ਹਨ। ਇਹਨਾਂ ਨੂੰ ਸੱਚ ਦਾ ਪੂਰਾ ਗਿਆਨ ਹੋ ਜਾਂਦਾ ਹੈ। ਇਹ ਅਟੱਲ ਸਚਾਈ ਦੱਸਦੇ ਹਨ। ਇਸ ਸਦੀਵੀ ਅਤੇ ਅਟੱਲ ਸਚਾਈ ਨੂੰ 'ਸ਼ਬਦ' ਕਿਹਾ ਜਾਂਦਾ ਹੈ। ਸ਼ਬਦ ਅਤੇ ਗੁਰ-ਸਿੱਖਿਆ ਇੱਕੋ ਚੀਜ਼ਾਂ ਬਣ ਜਾਂਦੀਆਂ ਹਨ।"** (ਸਿੱਖ ਵੀਚਾਰਧਾਰਾ/ ਦੂਜੀ ਐਡੀਸ਼ਨ—੧੯੯੮/ ਪੰਨਾ ੭੪)

ਪ੍ਰਸਿੱਧ ਵਿਦਵਾਨ ਸਰਦਾਰ ਕਪੂਰ ਸਿੰਘ ਜੀ 'ਸ਼ਬਦ' ਦੀ ਵਿਆਖਿਆ ਇੰਝ ਕਰਦੇ ਹਨ :

**ਸ਼ਬਦ ਉਹ ਤੱਤ ਹੈ, ਜਿਸਨੂੰ ਜਾਣਦਿਆਂ ਸੱਚ ਦੀ ਸੋਝੀ ਹੁੰਦੀ ਹੈ ਅਤੇ 'ਸੱਚ' ਨਾਲ ਇਕਮਿਕ ਹੋ ਜਾਈਦਾ ਹੈ।"** (ਵੈਸਾਖੀ ਆਫ ਗੁਰੂ ਗੋਬਿੰਦ ਸਿੰਘ, ਪੰਨਾ ੩੩੩)

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿੱਚ 'ਸ਼ਬਦ' ਦੀ ਪਰਿਭਾਸ਼ਾ ਨਿਸ਼ਚਿਤ ਕਰਦਿਆਂ ਹੋਇਆਂ ਅਸੀ ਆਖ ਸਕਦੇ ਹਾਂ ਕਿ **'ਸ਼ਬਦ ਸਦੀਵੀ ਅਤੇ ਅਟੱਲ ਸਚਾਈਆਂ ਦਾ ਗਿਆਨ ਹੈ, ਜੋ ਗੁਰੂ ਨੂੰ ਅਕਾਲ ਪੁਰਖ ਨਾਲ ਇਕਸਾਰ (ਅਭੇਦ/ਇਕਮਿਕ) ਹੋਣ ਮਗਰੋਂ ਪ੍ਰਾਪਤ ਹੁੰਦਾ ਹੈ।'** ਇਸ ਗਿਆਨ ਵਿੱਚ ਪ੍ਰਭੂ ਦੀ ਹਸਤੀ, ਉਸਦਾ ਹੁਕਮ, ਬ੍ਰਹਮੰਡ ਦਾ ਗਿਆਨ, ਧਰਮ, ਪ੍ਰਭੂ ਨਾਲ ਮਿਲਣ ਦੀ ਜੁਗਤੀ ਅਤੇ ਸਫਲ-ਜੀਵਨ ਢੰਗ ਆਦਿ ਦੀ ਸਹੀ ਤੇ ਪੂਰੀ ਜਾਣਕਾਰੀ ਸ਼ਾਮਿਲ ਹੈ। ਇਹ ਅੰਤਮ-ਸੱਚ ਹੈ।

ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਗੁਰਬਾਣੀ ਤੋਂ ਸਹਿਜੇ ਹੀ ਹੋ ਜਾਂਦੀ ਹੈ। ਗੁਰਬਾਣੀ ਵਿੱਚ 'ਸ਼ਬਦ' ਮੁੱਖ ਤੌਰ ਤੇ ਹੇਠ ਲਿਖੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ—

**(ੳ) ਪ੍ਰਭੂ ਦਾ ਹੁਕਮ** : ਗੁਰਬਾਣੀ ਵਿੱਚ ਇਸ ਗੱਲ ਦਾ ਭਰਪੂਰ ਵਰਣਨ ਹੈ ਕਿ ਸੰਸਾਰ ਦੀ ਉਤਪਤੀ ਅਤੇ ਅੰਤ ਸ਼ਬਦ ਦੁਆਰਾ ਹੀ ਹੁੰਦੀ ਹੈ। 'ਸ਼ਬਦ' ਅਤੇ 'ਹੁਕਮ' ਨੂੰ ਸਮਾਨ-ਅਰਥਕ ਸ਼ਬਦਾਂ ਵਿੱਚ ਵਰਤ ਕੇ ਇਹ ਸਮਝਾਇਆ ਗਿਆ ਹੈ ਕਿ ਸਭ ਥਾਂ ਪ੍ਰਭੂ ਦਾ ਹੁਕਮ ਅਥਵਾ ਸ਼ਬਦ ਹੀ ਵਰਤ ਰਿਹਾ ਹੈ (ਭਾਵ ਸੰਸਾਰ ਦੀ ਹਰ ਕਾਰ ਹੁਕਮ/ ਸ਼ਬਦ ਦੁਆਰਾ ਹੀ ਹੋ ਰਹੀ ਹੈ) ਅਤੇ ਸਭ ਕੁਝ ਸ਼ਬਦ ਦੁਆਰਾ ਹੀ ਹੋ ਰਿਹਾ ਹੈ :

—ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥ (ਮਾਝ, ਮ: ੩—੧੧੭)

ਪਰਮਾਤਮਾ ਦੇ ਹੁਕਮ ਵਿੱਚ ਹੀ ਜਗਤ ਦੀ ਉਤਪਤੀ ਹੁੰਦੀ ਹੈ ਅਤੇ ਜਗਤ ਦਾ ਨਾਸ਼ ਹੁੰਦਾ ਹੈ। ਨਾਸ਼ ਤੋਂ ਪਿੱਛੋਂ ਮੁੜ ਪ੍ਰਭੂ ਦੇ ਹੁਕਮ ਵਿੱਚ ਹੀ ਜਗਤ ਦੀ ਉਤਪਤੀ ਹੁੰਦੀ ਹੈ :

—ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ, ਚਹੁ ਦਿਸਿ ਨਾਮੁ ਪਤਾਲੰ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ॥
(ਮਲਾਰ, ਮ: ੧ ਅਸਟਪਦੀਆ—੧੨੭੫)

ਸਾਰੀ ਸ੍ਰਿਸ਼ਟੀ ਵਿੱਚ ਪ੍ਰਭੂ ਦਾ ਹੁਕਮ ਚਲ ਰਿਹਾ ਹੈ। ਸਾਰੀ ਸ੍ਰਿਸ਼ਟੀ ਵਿੱਚ ਨੀਵੇਂ ਤੋਂ ਨੀਵੇਂ ਥਾਵਾਂ ਵਿੱਚ ਵੀ ਪ੍ਰਭੂ ਦਾ ਨਾਮ ਵਜ ਰਿਹਾ ਹੈ।

ਸਭ ਜੀਵਾਂ ਵਿੱਚ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਹੀ ਜੀਵਨ ਰੌ ਰੁਮਕ ਰਹੀ ਹੈ। ਉਹ ਅਬਿਨਾਸ਼ੀ ਪ੍ਰਭੂ ਆਪਣੀ ਮੇਹਰ ਨਾਲ ਹੀ ਮਿਲਦਾ ਹੈ।

—ਏਕੋ ਸਬਦੁ, ਏਕੋ ਪ੍ਰਭੁ ਵਰਤੈ, ਸਭ ਏਕਸੁ ਤੇ ਉਤਪਤਿ ਚਲੈ॥
(ਪ੍ਰਭਾਤੀ, ਮ: ੩—੧੩੩੪)

ਇੱਕ ਪਰਮਾਤਮਾ ਹੀ ਸਾਰੇ ਜਗਤ ਵਿੱਚ ਮੌਜੂਦ ਹੈ। ਇੱਕ ਪਰਮਾਤਮਾ ਦਾ ਹੀ ਹੁਕਮ ਚਲ ਰਿਹਾ ਹੈ। ਇੱਕ ਪਰਮਾਤਮਾ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਕਾਰ ਚੱਲ ਰਹੀ ਹੈ।

—ਸਭ ਇਕੋ ਸਬਦੁ ਵਰਤਦਾ, ਜੋ ਕਰੇ ਸੁ ਹੋਈ॥ (ਸੋਰਠਿ ਕੀ ਵਾਰ, ਮ: ੪—੬੫੪)

ਸਭ ਥਾਈਂ ਹਰੀ ਦਾ ਹੀ ਹੁਕਮ ਵਰਤ ਰਿਹਾ ਹੈ; ਜੋ ਉਹ ਕਰਦਾ ਹੈ ਸੋਈ ਹੁੰਦਾ ਹੈ।

**(ਅ) ਨਾਮ** : ਗੁਰਬਾਣੀ ਵਿੱਚ ਇਹ ਗੱਲ ਸਮਝਾਈ ਗਈ ਹੈ ਕਿ ਸ਼ਬਦ ਹੀ ਨਾਮ ਹੈ ਅਥਵਾ ਸ਼ਬਦ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ। ਸ਼ਬਦ ਦੁਆਰਾ ਹਉਮੈ ਨੂੰ ਮਾਰ ਕੇ ਆਤਮਕ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦਾ ਨਾਮ ਹਿਰਦੇ ਵਿੱਚ ਵਸ ਜਾਂਦਾ ਹੈ :

—ਸਬਦੇ ਹੀ ਨਾਉ ਊਪਜੈ, ਸਬਦੇ ਮੇਲਿ ਮਿਲਾਇਆ॥
ਬਿਨੁ ਸਬਦੈ ਸਭੁ ਜਗੁ ਬਉਰਾਨਾ, ਬਿਰਥਾ ਜਨਮੁ ਗਵਾਇਆ॥
ਅੰਮ੍ਰਿਤੁ ਏਕੋ ਸਬਦੁ ਹੈ, ਨਾਨਕ ਗੁਰਮੁਖਿ ਪਾਇਆ॥ (ਸਲੋਕ, ਮ: ੩, ਪੰਨਾ ੬੪੪)

—ਸਬਦਿ ਮਰਹੁ ਫਿਰਿ ਜੀਵਹੁ ਸਦ ਹੀ,
ਤਾ ਫਿਰ ਮਰਣੁ ਨ ਹੋਈ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ,
ਸਬਦੇ ਪਾਵੈ ਕੋਈ॥ (ਸੋਰਠਿ, ਮ: ੩—੬੦੪)

ਹੇ ਭਾਈ ! ਗੁਰੂ ਦੇ ਸ਼ਬਦ ਵਿੱਚ ਜੁੜ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਵੋ, ਫਿਰ ਸਦਾ-ਲਈ ਹੀ ਆਤਮਕ ਜੀਵਨ ਜੀਊਂਦੇ ਰਹੋਗੇ, ਫਿਰ ਕਦੇ ਆਤਮਕ ਮੌਤ ਨੇੜੇ ਨਹੀਂ ਢੁਕੇਗੀ। ਜਿਹੜਾ ਭੀ ਮਨੁੱਖ ਗੁਰੂ ਦੇ ਸਬਦ ਦੇ ਰਾਹੀਂ ਹਰਿ ਨਾਮ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਇਹ ਆਤਮਕ ਜੀਵਨ ਦੇਣ ਵਾਲਾ ਨਾਮ ਸਦਾ ਲਈ ਮਨ ਵਿੱਚ ਮਿੱਠਾ ਲੱਗਣ ਲੱਗ ਪੈਂਦਾ ਹੈ।

—ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥
ਅਨਦਿਨੁ ਹਰਿ ਕਾ ਨਾਮੁ ਵਖਾਣੀ॥ (ਮਾਰੂ, ਮ: ੩—੧੦੫੭)

ਗੁਰੂ ਦਾ ਸ਼ਬਦ ਆਤਮਕ ਜੀਵਨ ਦੇਣ ਵਾਲੀ ਬਾਣੀ ਹੈ, ਇਸ ਵਿੱਚ ਜੁੜ ਕੇ, ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ।

**—ਅੰਮ੍ਰਿਤੁ ਏਕੋ ਸਬਦੁ ਹੈ, ਨਾਨਕ ਗੁਰਮੁਖਿ ਪਾਇਆ ।।** (ਵਾਰ ਸੋਰਠਿ, ਮ: ੩—੬੪੪)

ਹੇ ਨਾਨਕ ! ਗੁਰੂ ਦਾ ਇਕੋ ਸ਼ਬਦ ਹੀ ਆਤਮਕ ਜੀਵਨ ਦੇਣ ਵਾਲਾ ਜਲ ਹੈ, ਜੋ ਸਤਿਗੁਰੂ ਦੇ ਸਨਮੁੱਖ ਮਨੁੱਖ ਨੂੰ ਮਿਲਦਾ ਹੈ।

**—ਗੁਰ ਕਾ ਸਬਦੁ ਅੰਮ੍ਰਿਤ ਰਸ ਪੀਉ ।।**
**ਤਾ ਤੇਰਾ ਹੋਇ ਨਿਰਮਲ ਜੀਉ ।।** (ਰਾਮਕਲੀ, ਮ: ੫—੮੯੧)

ਹੇ ਮਨ ! ਗੁਰੂ ਦਾ ਸ਼ਬਦ ਆਤਮਕ ਜੀਵਨ ਦੇਣ ਵਾਲਾ ਰਸ ਹੈ। ਇਸ ਨੂੰ ਪੀਦਾ ਰਹੁ ਤਦੋਂ ਹੀ ਤੇਰੀ ਜ਼ਿੰਦਗੀ ਪਵਿੱਤਰ ਹੋਵੇਗੀ।

**(ੲ) ਗੁਰੂ/ਗੁਰਬਾਣੀ** : ਗੁਰਬਾਣੀ, ਸ਼ਬਦ ਅਤੇ ਗੁਰੂ ਇੱਕੋ ਹੀ ਸ਼ਬਦ ਦੇ ਵੱਖਰੇ-ਵੱਖਰੇ ਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਗੱਲ ਨੂੰ ਮੁੜ-ਮੁੜ ਕੇ ਦ੍ਰਿੜ ਕਰਵਾਇਆ ਗਿਆ ਹੈ ਕਿ ਸ਼ਬਦ ਹੀ ਗੁਰੂ ਹੈ ਅਥਵਾ ਬਾਣੀ ਹੀ ਗੁਰੂ ਹੈ। ਕੁਝ ਫੁਰਮਾਨ ਪੇਸ਼ ਹਨ :

**—ਸਬਦੁ ਗੁਰ ਪੀਰਾ ਗਹਿਰ ਗੰਭੀਰਾ ।।**
**ਬਿਨੁ ਸਬਦੈ ਜਗੁ ਬਉਰਾਨੰ ।।** (ਸੋਰਿਠ, ਮ: ੧—੬੩੫)

ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿੱਚ ਟਿਕਾ ਰੱਖਣ ਵਾਲਾ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰ ਸ਼ਬਦ ਤੋਂ ਖੁੰਝ ਕੇ ਜਗਤ (ਮਾਇਆ ਦੇ ਮੋਹ ਵਿੱਚ) ਕਮਲਾ ਹੋਇਆ ਫਿਰਦਾ ਹੈ।

**—ਸਬਦੁ ਗੁਰੂ ਸੁਰਤਿ ਧੁਨਿ ਚੇਲਾ ।।** (ਰਾਮਕਲੀ, ਮ: ੩, ਸਿਧ ਗੋਸਟਿ—੯੪੩)

ਸਬਦ ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ ਸਿੱਖ ਹੈ।

**—ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ।।**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ।।**
(ਨਟ, ਮ: ੪—੯੮੨)

(ਗੁਰੂ ਦੀ) ਬਾਣੀ (ਸਿੱਖ ਦਾ) ਗੁਰੂ ਹੈ, ਗੁਰੂ, ਬਾਣੀ ਵਿੱਚ ਮੌਜੂਦ ਹੈ। (ਗੁਰੂ ਦੀ) ਬਾਣੀ ਵਿੱਚ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਹੈ (ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿੱਚ) ਸਾਂਭ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ, (ਗੁਰੂ ਦਾ) ਸੇਵਕ ਉਸ ਬਾਣੀ ਤੋਂ ਸ਼ਰਧਾ ਧਾਰਦਾ ਹੈ। ਗੁਰੂ ਉਸ ਸੇਵਕ ਨੂੰ ਯਕੀਨੀ ਤੌਰ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।

**—ਸਤਿਗੁਰ ਬਚਨ, ਬਚਨ ਹੈ ਸਤਿਗੁਰ,**
**ਪਾਧਰੁ ਮੁਕਤਿ ਜਨਾਵੈਗੋ ।।** (ਕਾਨੜਾ, ਮ: ੪—੧੩੦੮)

ਜੋ ਮਨੁੱਖ ਸਦਾ ਗੁਰੂ ਦੇ ਬਚਨਾਂ ਵਿੱਚ ਮਗਨ ਰਹਿੰਦਾ ਹੈ, ਗੁਰੂ ਦਾ ਉਪਦੇਸ਼ ਉਸ ਨੂੰ ਵਿਕਾਰਾਂ ਤੋਂ ਖਲਾਸੀ ਦਾ ਸਿੱਧਾ ਰਸਤਾ ਦੱਸ ਦਿੰਦਾ ਹੈ।

**—ਸਚਾ ਸਬਦੁ ਸਚੀ ਹੈ ਬਾਣੀ ।।**
**ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ।।** (ਆਸਾ, ਮ: ੩, ਪੰਨਾ ੪੨੪)

ਸਦਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਦਾ ਸ਼ਬਦ ਹੀ, ਸਦਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਦੀ ਬਾਣੀ ਹੀ ਹਰੇਕ ਜੁਗ ਵਿੱਚ ਗੁਰੂ ਦੀ ਰਾਹੀਂ ਉਚਰਦੀ ਆਈ ਹੈ ਤੇ ਮਾਇਆ ਦੇ ਮੋਹਿ ਭਰਮ ਤੋਂ ਬਚਾਂਦੀ ਆਈ ਹੈ।

ਸ਼ਬਦ ਗੁਰੂ ਦਾ ਸਿਧਾਂਤ ਗੁਰਬਾਣੀ/ ਗੁਰਮਤਿ-ਵਿਚਾਰਧਾਰਾ ਦਾ ਪ੍ਰਮੁਖ ਅੰਗ ਹੈ। ਇਸ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਸਭ ਤੋਂ ਵੱਧ ਪ੍ਰਚਾਰਿਆ ਅਤੇ ਦੇਹ-ਪੂਜਾ (ਸਰੀਰ ਦੀ ਪੂਜਾ) ਦਾ ਵਿਰੋਧ ਕੀਤਾ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਬਾਣੀ ਵਿੱਚ ਸ਼ਬਦ ਦੀ ਉਪਮਾ ਕੀਤੀ ਅਤੇ ਸ਼ਬਦ-ਗੁਰੂ ਦੇ ਸ਼ਿਧਾਂਤ ਤੇ ਜ਼ੋਰ ਦਿੱਤਾ। ਉਹਨਾਂ ਨੇ ਕਿਤੇ ਵੀ ਆਪਣੀ ਦੇਹ ਦੀ ਪੂਜਾ ਨਹੀਂ ਕਰਵਾਈ। ਅਨੰਤ ਗਿਆਨ ਦੇ ਮਾਲਕ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ **'ਨਾਨਕੁ ਨੀਚੁ'**, **'ਨਾਨਕੁ-ਵੇਚਾਰਾ'**, **'ਢਾਢੀਕਾ'**, **'ਨੀਚ-ਜਾਤ'** ਆਦਿਕ ਹੀ ਆਖਿਆ ਅਤੇ ਸ਼ਬਦ ਦੇ ਰਾਹੀਂ ਮਨੁੱਖਾਂ ਨੂੰ ਇੱਕ ਸਫ਼ਲ ਜੀਵਨ-ਜਾਚ ਦੱਸੀ ਤੇ ਪ੍ਰਭੂ ਨਾਲ ਜੁੜਨ ਦੀ ਜੁਗਤੀ ਸਮਝਾਈ।

ਸ਼ਬਦ-ਗੁਰੂ ਦੇ ਸਿਧਾਂਤ ਨੂੰ ਸਰਬੋਤਮ ਮੰਨਣ ਕਰਕੇ ਹੀ ਗੁਰੂ ਸਾਹਿਬਾਨ ਨੇ ਭਗਤਾਂ, ਸੂਫੀ-ਸੰਤਾਂ, ਭੱਟਾਂ ਤੇ ਸਿੱਖਾਂ ਦੀ ਬਾਣੀ ਨੂੰ ਆਪਣੀ ਬਾਣੀ ਦੇ ਤੁੱਲ ਸਤਿਕਾਰ ਦਿੱਤਾ ਕਿਉਂਕਿ ਇਹਨਾਂ ਦੀ **'ਬਾਣੀ'** ਪ੍ਰਭੂ ਅਭੇਦਤਾ ਦੇ ਅਨੁਭਵ ਤੋਂ ਉਪਜੀ ਸੀ ਅਥਵਾ **'ਸ਼ਬਦ'** ਸੀ। ਇਸੇ ਸਿਧਾਂਤ ਤੇ ਜ਼ੋਰ ਦਿੰਦਿਆਂ ਹੀ ਸਤਿਗੁਰਾਂ ਨੇ ਫੁਰਮਾਇਆ ਸੀ ਕਿ ਕੇਵਲ ਸਤਿਗੁਰੂ ਦੇ ਸਰੀਰ ਦੇ ਦਰਸ਼ਨ ਕਰਨ ਨਾਲ ਹੀ ਵਿਕਾਰਾਂ ਤੋਂ ਮੁਕਤੀ ਨਹੀਂ ਮਿਲਦੀ ਅਤੇ ਜਨਮ-ਮਰਨ ਦਾ ਗੇੜ ਨਹੀਂ ਕੱਟਿਆ ਜਾਂਦਾ ਸਗੋਂ ਇਹ ਮੁਕਤੀ ਤਾਂ ਸ਼ਬਦ ਦੇ ਵਿਚਾਰ ਕਰਨ ਅਥਵਾ ਸ਼ਬਦ-ਗੁਰੂ ਦੀ ਅਗਵਾਈ ਵਿੱਚ ਚੱਲਣ ਨਾਲ ਹੀ ਪ੍ਰਾਪਤ ਹੋ ਸਕਦੀ ਹੈ :

**—ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ।।**
**ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ।।** (ਸਲੋਕ, ਮ: ੩—੫੯੪)

**(ਸ) ਧੁਰ ਕੀ ਬਾਣੀ** : **'ਸ਼ਬਦ'**, ਗੁਰੂ ਸਾਹਿਬਾਨ ਦੇ ਨਿੱਜੀ ਵਿਚਾਰ ਨਹੀਂ ਹਨ, ਸਗੋਂ ਧੁਰ ਕੀ ਬਾਣੀ, ਅਥਵਾ ਅਕਾਲ ਪੁਰਖ ਵੱਲੋਂ ਆਵੇਸ਼ ਹੋਈ ਬਾਣੀ ਹੈ। ਇਹ ਅਕਾਲ-ਪੁਰਖ ਨਾਲ ਇਕਸੁਰ, ਅਭੇਦ, ਇਕਮਿਕ, ਲਿਵਲੀਨ ਹੋਣ ਮਗਰੋਂ ਉਪਜੀ ਹੈ। ਇਸ ਲਈ ਇਸ ਨੂੰ **'ਖਸਮ ਕੀ ਬਾਣੀ'** ਵੀ ਆਖਿਆ ਗਿਆ ਹੈ। ਸਾਡੇ ਗੁਰੂ ਸਾਹਿਬਾਨ ਨੇ ਵਾਰ-ਵਾਰ ਆਖਿਆ ਹੈ ਕਿ ਜਿਵੇਂ ਅਕਾਲ ਪੁਰਖ ਵੱਲੋਂ ਪ੍ਰੇਰਨਾ ਹੁੰਦੀ ਹੈ, ਉਵੇਂ ਹੀ ਉਹ ਗਿਆਨ ਕਥਦੇ ਹਨ..ਉਹ ਆਪਣੇ ਵੱਲੋਂ ਕੁਝ ਨਹੀਂ ਕਹਿੰਦੇ, ਸਗੋਂ ਅਕਾਲ ਪੁਰਖ ਦੇ ਹੁਕਮ ਨੂੰ ਹੀ ਬਿਆਨ ਕਰਦੇ ਹਨ..ਇਹ ਬਾਣੀ ਅਕਾਲਪੁਰਖ ਆਪ ਉਹਨਾਂ ਦੇ ਮੁੱਖੋਂ ਕਢਵਾਉਂਦਾ ਹੈ..ਉਹ ਵਾਹਿਗੁਰੂ ਦੇ ਬੁਲਾਏ ਹੀ ਬੋਲਦੇ ਹਨ ਅਥਵਾ ਜੋ ਉਪਦੇਸ਼ ਅਕਾਲ ਪੁਰਖ ਨੇ ਉਹਨਾਂ ਨੂੰ ਦਿੱਤਾ ਹੈ, ਉਹੀ ਸੰਸਾਰ ਨੂੰ ਦੇ ਰਹੇ ਹਨ :

**—ਜੈਸੀ ਮੈ ਆਵੈ ਖਸਮ ਕੀ ਬਾਣੀ,**
**ਤੈਸੜਾ ਕਰੀ ਗਿਆਨੁ ਵੇ ਲਾਲੋ ।।** (ਤਿਲੰਗ, ਮ: ੧—੭੨੨)

ਗੁਰੂ ਸਾਹਿਬ ਫੁਰਮਾਉਂਦੇ ਹਨ ਹੇ (ਭਾਈ) ਲਾਲੋ ! ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ ਉਸੇ ਆਨੁਸਾਰ ਮੈਂ ਤੈਨੂੰ ਵਾਕਫ਼ੀਅਤ ਦਿੰਦਾ ਹਾਂ।

**—ਧੁਰ ਕੀ ਬਾਣੀ ਆਈ ।। ਤਿਨਿ ਸਗਲੀ ਚਿੰਤ ਮਿਟਾਈ ।।** (ਸੋਰਠਿ, ਮ: ੫—੬੨੮)

ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ ਜਿਸ ਮਨੁੱਖ ਦੇ ਅੰਦਰ ਆ ਵਸੀ, ਉਸਨੇ ਆਪਣੀ ਸਾਰੀ ਚਿੰਤਾ ਦੂਰ ਕਰ ਲਈ !

**—ਹਉ ਆਪਹੁ ਬੋਲਿ ਨ ਜਾਣਦਾ,**
**ਮੈ ਕਹਿਆ ਸਭੁ ਹੁਕਮਾਉ ਜੀਉ ।।** (ਸੂਹੀ, ਮ: ੪—੭੬੩)

ਮੈਂ ਜੋ ਕੁਝ ਤੈਨੂੰ ਦੱਸਿਆ ਹੈ ਗੁਰੂ ਦਾ ਹੁਕਮ ਹੀ ਦੱਸਿਆ ਹੈ, ਮੈਂ ਆਪਣੀ ਅਕਲ ਦਾ ਆਸਰਾ ਲੈ ਕੇ ਇਹ ਰਸਤਾ ਨਹੀਂ ਦੱਸ ਰਿਹਾ।

**—ਸਤਿਗੁਰ ਕੀ ਬਾਣੀ ਸਤਿ ਕਰ ਜਾਣਹੁ ਗੁਰ ਸਿਖਹੁ,**
**ਹਰਿ ਕਰਤਾ ਆਪਿ ਮੁਹਹੁ ਕਢਾਏ ।।** (ਗਉੜੀ ਕੀ ਵਾਰ, ਮ: ੪—੩੦੮)

ਹੇ ਗੁਰ-ਸਿੱਖੋ ! ਸਤਿਗੁਰੂ ਦੀ ਬਾਣੀ ਨਿਰੋਲ ਸੱਚ ਸਮਝੋ ਕਿਉਂਕਿ ਸਿਰਜਨਹਾਰ ਪ੍ਰਭੂ ਆਪ ਇਹ ਬਾਣੀ ਸਤਿਗੁਰੂ ਦੇ ਮੂੰਹ ਤੋਂ ਅਖਵਾਉਂਦਾ ਹੈ।

**—ਦਾਸਨਿ ਦਾਸੁ ਕਹੈ ਜਨੁ ਨਾਨਕੁ,**
**ਜੇਹਾ ਤੂੰ ਕਰਾਇਹਿ, ਤੇਹਾ ਹਉ ਕਰੀ ਵਖਿਆਨੁ ।।** (ਸੂਹੀ, ਮ: ੪—੭੩੪)

ਹੇ ਪ੍ਰਭੂ ਤੇਰੇ ਦਾਸਾਂ ਦਾ ਦਾਸ ਨਾਨਕ ਆਖਦਾ ਹੈ—(ਹੇ ਪ੍ਰਭੂ) ਤੂੰ ਜੋ ਕੁਝ ਵੀ ਮੈਥੋਂ ਅਖਵਾਉਂਦਾ ਹੈਂ ਮੈਂ ਉਹੀ ਕੁਝ ਆਖਦਾ ਹਾਂ।

**—ਤਾ ਮੈ ਕਹਿਆ ਕਹਣੁ, ਜਾ ਤੁਝੈ ਕਹਾਇਆ ।।** (ਵਡਹੰਸ, ਮ: ੧—੫੬੬)

ਮੈਂ ਤਦੋਂ ਹੀ ਤੇਰੀ ਸਿਫ਼ਤਿ ਸਾਲਾਹ ਕਰ ਸਕਦਾ ਹਾਂ ਜਦੋਂ ਤੂੰ ਆਪ ਪ੍ਰੇਰਨਾ ਕਰਦਾ ਹੈਂ।

**—ਨਾਨਕੁ ਬੋਲੈ ਤਿਸਕਾ ਬੋਲਾਇਆ ।।** (ਮਲਾਰ, ਮ: ੪—੧੨੭੧)

ਨਾਨਕ ਉਸ ਕਰਤਾਰ ਦਾ ਪ੍ਰੇਰਿਆ ਹੋਇਆ ਉਸ ਦੀ ਸਿਫ਼ਤਿ ਸਾਲਾਹ ਦਾ ਬੋਲ ਬੋਲਦਾ ਹੈ।

**—ਜੈਸੇ ਗੁਰਿ ਉਪਦੇਸਿਆ, ਮੈ ਤੈਸੋ ਕਹਿਆ ਪੁਕਾਰਿ ।।** (ਗਉੜੀ, ਮ: ੪—੨੧੪)

(ਹੇ ਭਾਈ) ਜਿਸ ਤਰ੍ਹਾਂ ਗੁਰੂ ਨੇ (ਮੈਨੂੰ) ਉਪਦੇਸ਼ ਦਿੱਤਾ ਹੈ ਮੈਂ ਉਸੇ ਤਰ੍ਹਾਂ ਉੱਚੀ ਬੋਲ ਕੇ ਦੱਸ ਦਿੱਤਾ ਹੈ।

**(ਹ) ਗਿਆਨ/ਪ੍ਰਕਾਸ਼** : ਗੁਰ-ਸ਼ਬਦ ਨੂੰ ਗਿਆਨ ਦਾ ਦੀਪਕ ਅਥਵਾ ਗਿਆਨ ਦਾ ਸੂਰਜ ਕਿਹਾ ਗਿਆ ਹੈ। ਇਹ ਮਨੁੱਖ ਨੂੰ ਅਟੱਲ-ਸਚਾਈਆਂ ਅਤੇ ਸਦੀਵੀ ਸੱਚ ਦਾ ਗਿਆਨ ਬਖਸ਼ਦਾ ਹੈ, ਵਹਿਮਾਂ-ਭਰਮਾਂ ਦਾ ਅਗਿਆਨ ਖਤਮ ਕਰਦਾ ਹੈ, ਮਾਇਆ ਅਤੇ ਵਿਕਾਰਾਂ ਦੀ ਅਸਲੀਅਤ ਨੂੰ ਪ੍ਰਗਟ ਕਰਦਾ ਹੈ ; ਘਟ-ਘਟ ਵਿਆਪ ਰਹੇ ਪ੍ਰਭੂ ਦੀ ਲਖਤਾ ਕਰਾਉਂਦਾ ਹੈ ਅਤੇ ਜੀਵਨ-ਮਾਰਗ ਦਿਖਾਉਂਦਾ ਹੈ :

**—ਸਤਿਗੁਰ ਸਬਦਿ ਉਜਾਰੋ ਦੀਪਾ ।।**
**ਬਿਨਸਿਓ ਅੰਧਕਾਰ ਤਿਹ ਮੰਦਰਿ, ਰਤਨ ਕੋਠੜੀ ਖੁਲੀ ਅਨੂਪਾ ।। ੧ ।। ਰਹਾਉ ।।**

ਜਿਸ ਮਨ ਮੰਦਰ ਵਿੱਚ ਗੁਰੂ ਦੇ ਸ਼ਬਦ ਦੇ ਦੀਵੇ ਰਾਹੀਂ ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ ਉਸ ਮਨ-ਮੰਦਰ ਵਿੱਚ ਆਤਮਕ ਗੁਣ ਰਤਨਾਂ ਦੀ ਬੜੀ ਸੁੰਦਰ ਕੋਠੜੀ ਖੁਲ੍ਹ ਜਾਂਦੀ ਹੈ ਤੇ ਹਨੇਰੇ ਦਾ ਉੱਥੋਂ ਨਾਸ ਹੋ ਜਾਂਦਾ ਹੈ।

**—ਬਿਸਮਨ ਬਿਸਮ ਭਏ ਜਉ ਪੇਖਿਓ, ਕਹਨੁ ਨ ਜਾਇ ਵਡਿਆਈ ।।**
**ਮਗਨ ਭਏ ਊਹਾ ਸੰਗਿ ਮਾਤੇ, ਓਤਿ ਪੋਤਿ ਲਪਟਾਈ ।। ੧ ।।**

(ਬਿਲਾਵਲ, ਮ: ੫—੮੨੧)

ਗੁਰੂ ਸ਼ਬਦ ਦੀਵੇ ਦੇ ਚਾਨਣ ਵਿੱਚ ਜਦੋਂ ਅੰਦਰ ਵਸਦੇ ਪ੍ਰਭੂ ਦਾ ਦਰਸ਼ਨ ਹੁੰਦਾ ਹੈ ਤਦੋਂ ਮੇਰ ਤੇਰ ਵਾਲੀਆਂ ਸੁੱਧਾਂ ਭੁੱਲ ਜਾਂਦੀਆਂ ਹਨ ਪਰ ਉਸ ਅਵਸਥਾ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਜਿਵੇਂ ਤਾਣੇ ਪੇਟੇ ਦੇ ਧਾਗੇ ਆਪਸ ਵਿੱਚ ਮਿਲੇ ਹੁੰਦੇ ਹਨ ਤਿਵੇਂ ਉਸ ਪ੍ਰਭੂ ਵਿੱਚ ਹੀ ਸੁਰਤਿ ਡੁੱਬ ਜਾਂਦੀ ਹੈ। ਉਸ ਪ੍ਰਭੂ ਦੇ ਚਰਨਾਂ ਨਾਲ ਹੀ ਮਸਤ ਹੋ ਜਾਈਦਾ ਹੈ ਉਸਦੇ ਚਰਨਾਂ ਨਾਲ ਹੀ ਚੰਬੜ ਜਾਈਦਾ ਹੈ।

—ਸਬਦੁ ਦੀਪਕੁ ਵਰਤੈ ਤਿਹੁ ਲੋਇ॥
ਜੋ ਚਾਖੈ ਸੋ ਨਿਰਮਲੁ ਹੋਇ॥ (ਧਨਾਸਰੀ, ਮ: ੩—੬੬੪)

ਗੁਰੂ ਦਾ ਸ਼ਬਦ ਦੀਵਾ ਹੈ ਜੋ ਸਾਰੇ ਸੰਸਾਰ ਵਿੱਚ ਚਾਨਣ ਕਰਦਾ ਹੈ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਚੱਖਦਾ ਹੈ ਉਹ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ।

—ਸਬਦਿ ਸੂਰ ਜੁਗ ਚਾਰੇ ਅਉਧੂ,
ਬਾਣੀ ਭਗਤਿ ਵੀਚਾਰੀ॥
ਏਹੁ ਮਨੁ ਮਾਇਆ ਮੋਹਿਆ ਅਉਧੂ,
ਨਿਕਸੈ ਸਬਦਿ ਵੀਚਾਰੀ॥ (ਰਾਮਕਲੀ, ਮ: ੧—੯੦੮)

**ਹੇ ਅਉਧੂ** ! ਜਿਹੜੇ ਮਨੁੱਖ ਗੁਰੂ ਦੇ ਸ਼ਬਦ ਵਿੱਚ ਜੁੜਦੇ ਹਨ ਉਹ ਚੌਹਾਂ ਜੁਗਾਂ ਵਿੱਚ ਸੂਰਮੇ ਹਨ (ਭਾਵ ਕਿਸੇ ਭੀ ਸਮੇਂ ਕਾਮਾਦਿਕ ਵਿਕਾਰ ਉਹਨਾਂ ਉੱਤੇ ਜ਼ੋਰ ਨਹੀਂ ਪਾ ਸਕਦੇ) ਗੁਰੂ ਦੀ ਬਾਣੀ ਦੀ ਬਰਕਤਿ ਨਾਲ ਉਹ ਪਰਮਾਤਮਾ ਦੀ ਭਗਤੀ ਨੂੰ ਆਪਣੇ ਸੋਚ ਮੰਡਲ ਵਿੱਚ ਟਿਕਾਈ ਰੱਖਦੇ ਹਨ।

**ਹੇ ਅਉਧੂ** ! ਮਨੁੱਖ ਦਾ ਮਨ ਮਾਇਆ ਦੇ ਮੋਹ ਵਿੱਚ ਫਸ ਜਾਂਦਾ ਹੈ (ਪਰ ਇਸ ਵਿੱਚੋਂ ਨਿਕਲਣ ਦਾ ਇਹ ਤਰੀਕਾ ਨਹੀਂ ਕਿ ਮਨੁੱਖ ਜੰਗਲਾਂ ਵਿੱਚ ਜਾਂ ਪਹਾੜਾਂ ਦੀਆਂ ਗੁਫਾਂ ਵਿੱਚ ਜਾ ਟਿਕੇ) ਇਸ ਵਿੱਚੋਂ ਉਹ ਮਨੁੱਖ ਨਿਕਲਦਾ ਹੈ ਜੋ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਪਰਮਾਤਮਾ ਦੀ ਸਿਫਤ ਸਾਲਾਹ ਨੂੰ ਆਪਣੇ ਸੋਚ ਮੰਡਲ ਵਿੱਚ ਟਿਕਾਂਦਾ ਹੈ।

—ਅੰਧਕਾਰੁ ਮਿਟਿਓ ਤਿਹ ਤਨ ਤੇ,
ਗੁਰਿ ਸਬਦੁ ਦੀਪਕੁ ਪਰਗਾਸਾ॥
ਭ੍ਰਮ ਕੀ ਜਾਲੀ ਤਾ ਕੀ ਕਾਟੀ,
ਜਾ ਕਉ ਸਾਧ ਸੰਗਤਿ ਬਿਸ੍ਵਾਸਾ॥ (ਗਉੜੀ, ਮ: ੫—੨੦੮)

(ਹੇ ਭਾਈ !) ਗੁਰੂ ਨੇ ਜਿਸ ਮਨੁੱਖ ਦੇ ਅੰਦਰ ਆਪਣੇ ਸ਼ਬਦ ਦੇ ਰਾਹੀਂ ਆਤਮਕ ਗਿਆਨ ਦਾ ਦੀਵਾ ਜਗਾ ਦਿੱਤਾ ਹੈ, ਉਸ ਦੇ ਹਿਰਦੇ ਵਿੱਚੋਂ (ਮਾਇਆ ਦੇ ਮੋਹ ਦਾ) ਹਨੇਰਾ ਦੂਰ ਹੋ ਜਾਂਦਾ ਹੈ। (ਹੇ ਭਾਈ !) ਸਾਧ ਸੰਗਤਿ ਵਿੱਚ ਜਿਸ ਮਨੁੱਖ ਦੀ ਸ਼ਰਧਾ ਬਣ ਗਈ, ਗੁਰੂ ਨੇ ਉਸ ਦੇ ਮਨ ਦਾ ਮਾਇਆ ਦੀ ਖ਼ਾਤਰ ਭਟਕਣਾ ਕੱਟ ਦਿੱਤਾ ਹੈ।

—ਮੇਰੈ ਮਨਿ ਸਬਦੁ ਲਗੋ ਗੁਰ ਮੀਠਾ॥
ਖੁਲਿਓ ਕਰਮੁ ਭਇਓ ਪਰਗਾਸਾ, ਘਟਿ ਘਟਿ ਹਰਿ ਹਰਿ ਡੀਠਾ॥
(ਸਾਰੰਗ, ਮ: ੫—੧੨੧੨)

ਮੇਰੇ ਮਨ ਵਿੱਚ ਗੁਰੂ ਸ਼ਬਦ ਮਿੱਠਾ ਲੱਗ ਰਿਹਾ ਹੈ। ਸ਼ਬਦ ਦੀ ਬਰਕਤਿ ਨਾਲ ਮੇਰੇ ਵਾਸਤੇ ਪਰਮਾਤਮਾ ਦੀ ਮੇਹਰ ਦਾ ਦਰਵਾਜ਼ਾ ਖੁਲ੍ਹ ਗਿਆ ਹੈ। ਮੇਰੇ ਹਿਰਦੇ ਵਿੱਚ ਆਤਮਕ ਜੀਵਨ ਦਾ ਚਾਨਣ ਹੋ ਗਿਆ ਹੈ, ਮੈਂ ਹਰੇਕ ਸਰੀਰ ਵਿੱਚ ਪਰਮਾਤਮਾ ਨੂੰ ਵਸਦਾ ਵੇਖ ਲਿਆ ਹੈ।

—ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ॥
(ਸਿਰੀ ਰਾਗੁ, ਮ: ੩—੬੭)

ਸਤਿਗੁਰ ਦੀ ਬਾਣੀ ਇਸ ਜਗਤ ਵਿੱਚ ਜੀਵਨ ਦੇ ਰਸਤੇ ਵਿੱਚ ਚਾਨਣ ਕਰਦੀ ਹੈ। ਇਹ ਬਾਣੀ ਪਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਦੇ ਮਨ ਵਿੱਚ ਆ ਕੇ ਵਸਦੀ ਹੈ।

**(ਕ) ਧਰਮ** : ਆਸਾ ਕੀ ਵਾਰ ਵਿੱਚ 'ਸ਼ਬਦ' ਨੂੰ ਧਰਮ ਦੇ ਅਰਥਾਂ ਵਿੱਚ ਵਰਤਿਆ ਗਿਆ ਹੈ :

—ਜੋਗ ਸਬਦੰ, ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ, ਸੂਰ ਸਬਦੰ, ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ, ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ, ਸੋਈ ਨਿਰੰਜਨ ਦੇਉ ॥ (ਵਾਰ ਆਸਾ, ਮ: ੨—੪੬੯)

ਜੋਗ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ (ਬ੍ਰਹਮ ਦੀ ਵਿਚਾਰ ਕਰਨਾ ਹੈ) ਬ੍ਰਾਹਮਣ ਦਾ ਧਰਮ ਵੇਦਾਂ ਦੀ ਵਿਚਾਰ ਹੈ। ਖਤ੍ਰੀਆਂ ਦਾ ਧਰਮ ਸੂਰਮਿਆਂ ਵਾਲੇ ਕੰਮ ਕਰਨਾ ਹੈ ਅਤੇ ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨੀ। ਪਰ ਸਾਰਿਆਂ ਦਾ ਮੁੱਖ ਧਰਮ ਇਹ ਹੈ ਕਿ ਇੱਕ ਪ੍ਰਭੂ ਦਾ ਸਿਮਰਨ ਕਰੀਏ। ਜੋ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਨਾਨਕ ਉਸਦਾ ਦਾਸ ਹੈ, ਉਹ ਮਨੁੱਖ ਪ੍ਰਭੂ ਦਾ ਰੂਪ ਹੈ।

**(ਖ) ਸੱਚਾ-ਪਤੀ (ਪ੍ਰਭੂ)** : ਸ੍ਰੀ ਗੁਰੂ ਅਮਰਦਾਸ ਜੀ ਸ਼ਬਦ ਨੂੰ ਸੱਚਾ-ਪਤੀ (ਭਤਾਰ) ਆਖਦੇ ਹਨ ਅਤੇ ਉਸ ਨਾਲ ਪਿਆਰ ਕਰਨ ਦਾ ਉਪਦੇਸ਼ ਦਿੰਦੇ ਹਨ :

—ਸਚਾ ਸਬਦੁ ਭਤਾਰੁ ਹੈ, ਸਦਾ ਸਦਾ ਰਾਵੇਇ ॥
ਜਿਉ ਉਬਲੀ ਮਜੀਠੈ ਰੰਗੁ ਗਹਗਹਾ, ਤਿਉ ਸਚੇ ਨੋ ਜੀਉ ਦੇਇ ॥
(ਗਉੜੀ ਕੀ ਵਾਰ, ਸਲੋਕ, ਮ: ੩—੩੧੧)

ਸੱਚਾ ਸ਼ਬਦ ਰੂਪ ਜੋ ਖਸਮ ਹੈ ਉਸ ਦਾ ਸਦਾ ਆਨੰਦ ਲਏ (ਭਾਵ ਉਸ ਨੂੰ ਸਦਾ ਜਪੇ)। ਜਿਵੇਂ ਮਜੀਠ ਉਬਾਲਾ ਸਹਾਰਦੀ ਹੈ ਤੇ ਉਸ ਦਾ ਰੰਗ ਗੂੜ੍ਹਾ ਹੋ ਜਾਂਦਾ ਹੈ, ਤਿਵੇਂ ਜੀਵ ਰੂਪੀ ਇਸਤਰੀ ਆਪਣਾ ਆਪ ਖਸਮ ਤੋਂ ਸਦਕੇ ਕਰੇ, ਇਸ ਨੂੰ ਵੀ ਨਾਮ ਦਾ ਗੂੜ੍ਹਾ ਰੰਗ ਚੜ੍ਹ ਜਾਏ ਤਾਂ ਉਸ ਦਾ ਸੱਚੇ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ।

—ਕੰਚਨ ਦੇਹੀ ਸਬਦੁ ਭਤਾਰੋ ॥
ਅਨਦਿਨੁ ਭੋਗ ਭੋਗੇ, ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ,
ਭਾਣਾ ਬੁਝਿ ਸਮਾਹਾ ਹੇ ॥ (ਮਾਰੂ, ਮ: ੩—੧੦੫੮)

ਗੁਰੂ ਦਾ ਸ਼ਬਦ ਜਿਸ ਮਨੁੱਖ ਦੇ ਸੋਨੇ ਵਰਗੇ ਪਵਿੱਤਰ ਸਰੀਰ ਦਾ ਆਗੂ ਬਣਿਆ ਰਹਿੰਦਾ ਹੈ, ਉਹ ਮਨੁੱਖ ਪਰਮਾਤਮਾ ਨਾਲ ਪਿਆਰ ਬਣਾਈ ਰੱਖਦਾ ਹੈ ਤੇ ਹਰ ਵੇਲੇ ਪਰਮਾਤਮਾ ਦੇ ਮਿਲਾਪ ਦਾ ਆਨੰਦ ਮਾਣਦਾ ਹੈ। ਉਹ ਮਨੁੱਖ ਉਸ ਲਾ-ਮਕਾਨ ਪਰਮਾਤਮਾ ਨੂੰ ਸਭ ਸਰੀਰਾਂ ਵਿੱਚ ਵਸਦਾ ਵੇਖ ਲੈਂਦਾ ਹੈ, ਉਸ ਦੀ ਰਜ਼ਾ ਨੂੰ ਮਿੱਠਾ ਮੰਨ ਕੇ ਉਸ ਵਿੱਚ ਲੀਨ ਰਹਿੰਦਾ ਹੈ।

**'ਸ਼ਬਦ'** ਦੇ ਉਪਰੋਕਤ ਸਭ ਅਰਥਾਂ ਵਿੱਚ ਇੱਕ ਸਪੱਸ਼ਟ ਸਾਂਝ ਦਿਖਾਈ ਦਿੰਦੀ ਹੈ ਅਤੇ ਇਹ ਸਾਰੇ ਅਰਥ **'ਸ਼ਬਦ'** ਦੀ ਇਸ ਪਰਿਭਾਸ਼ਾ ਵਿੱਚ ਆ ਜਾਂਦੇ ਹਨ ਕਿ **'ਸ਼ਬਦ ਪ੍ਰਭੂ ਦਾ ਸਦੀਵੀ ਤੇ ਅਟੱਲ ਸਚਾਈਆਂ ਦਾ ਗਿਆਨ ਹੈ।'**

—o—o—

# ਸ਼ਬਦ ਕਮਾਈ ਦੀਆਂ ਬਰਕਤਾਂ

ਸ਼ਬਦ, ਨਾਮ ਅਤੇ ਹੁਕਮ, ਸਮਾਨ-ਅਰਥਕ ਸ਼ਬਦ ਹਨ। ਇਸ ਲਈ ਇਨ੍ਹਾਂ ਦੀਆਂ ਬਰਕਤਾਂ ਵੀ ਇਕੋ ਜਿਹੀਆਂ ਹਨ। ਦੂਜੇ ਲਫ਼ਜ਼ਾਂ ਵਿਚ ਸ਼ਬਦ ਨੂੰ ਸਮਝਣ ਤੇ ਉਸ ਦੀ ਕਮਾਈ ਕਰਨ, ਨਾਮ-ਜਪਣ ਅਤੇ ਪ੍ਰਭੂ ਦੇ ਹੁਕਮ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਸਰ ਕਰਨ ਨਾਲ ਮਨੁੱਖ ਨੂੰ ਇਕੋ ਜਿਹੇ ਫ਼ਲ ਪ੍ਰਾਪਤ ਹੁੰਦੇ ਹਨ। ਇਸ ਕਰਕੇ, ਗੁਰਬਾਣੀ ਵਿਚ ਵੱਖ-ਵੱਖ ਥਾਵਾਂ ਤੇ ਇਨ੍ਹਾਂ ਨੂੰ ਸਰਬੋਤਮ ਕਰਮ ਮੰਨਿਆ ਗਿਆ ਹੈ।

ਗੁਰੂ ਨਾਨਕ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਸ਼ਬਦ ਦੀ ਵੀਚਾਰ ਤੇ ਕਮਾਈ ਹੋਰ ਸਾਰੇ ਵਿਚਾਰਾਂ ਅਤੇ ਧਰਮ-ਕਰਮਾਂ ਤੋਂ ਸਰੇਸ਼ਟ ਹੈ। ਇਸ ਲਈ ਮੈਂ ਹੋਰ ਗੱਲਾਂ ਦੀ ਪਰਵਾਹ ਨਹੀਂ ਕਰਦਾ, ਕਿਉਂਕਿ ਹੋਰ ਸਭ ਗੱਲਾਂ ਵਿਅਰਥ ਹਨ :—

**—ਸਭਸੈ ਊਪਰਿ ਗੁਰ ਸਬਦੁ ਬੀਚਾਰੁ ।।**
**ਹੋਰ ਕਥਨੀ ਬਦਉ ਨ, ਸਗਲੀ ਛਾਰੁ ।।** ਰਾਮਕਲੀ ਮ: ੧—੯੦੪)

ਗੁਰ-ਸ਼ਬਦ ਦੀ ਵੀਚਾਰ ਨਾਲ ਮਨੁੱਖ ਨੂੰ ਬੇਅੰਤ ਪ੍ਰਾਪਤੀਆਂ ਹੁੰਦੀਆਂ ਹਨ, ਪਰ ਮੁੱਖ ਪ੍ਰਾਪਤੀ ਇਹ ਹੈ ਕਿ ਸ਼ਬਦ-ਵੀਚਾਰ ਨਾਲ ਮਨੁਖ ਦਾ ਮਨ ਵਿਕਾਰ-ਰਹਿਤ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ, ਉਸਦੇ ਮਨ ਵਿਚ ਪ੍ਰਭੂ ਨਾਮ ਦਾ ਵਾਸਾ ਹੋ ਜਾਂਦਾ ਹੈ ਅਤੇ ਉਹ ਪਰਮਾਤਮਾ, ਵਿਚ ਲੀਨ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਵਿਚਾਰਾਂ ਦੀ ਇਕ ਸ਼ਬਦ ਵਿਚ ਭਰਪੂਰ ਵਿਆਖਿਆ ਕੀਤੀ ਹੈ, ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ ੬੦੧ ਉਤੇ ਦਰਜ ਹੈ। ਪ੍ਰਭੂ ਦੇ ਨਾਮ ਦੀ ਮਹਿਮਾ ਅਤੇ ਪ੍ਰਭੂ ਤੋਂ ਵਿਛੋੜੇ ਦਾ ਜ਼ਿਕਰ ਕਰਦਿਆਂ ਹੋਇਆਂ ਆਪ ਫ਼ੁਰਮਾਉਂਦੇ ਹਨ **'ਸੰਸਾਰ ਵਿਚ ਭਟਕਦੇ ਹੋਏ ਮਨੁੱਖਾਂ ਦੇ ਮਨ ਵਿਚ ਸ਼ਬਦ ਦੀ ਬਰਕਤ ਨਾਲ ਚਾਨਣ ਹੁੰਦਾ ਹੈ—ਉਨ੍ਹਾਂ ਨੂੰ ਆਤਮਕ ਜੀਵਨ ਦੀ ਸੋਝੀ ਹੁੰਦੀ ਹੈ। ਸ਼ਬਦ ਦੁਆਰਾ ਹੀ ਵਿਕਾਰਾਂ ਵਲੋਂ ਮਰੀਦਾ ਹੈ ਤੇ ਆਤਮਕ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੇ ਸ਼ਬਦ ਦੀ ਬਰਕਤ ਨਾਲ ਮਨ ਅਤੇ ਸਰੀਰ ਪਵਿੱਤਰ ਹੁੰਦੇ ਹਨ ਅਤੇ ਪ੍ਰਭੂ ਦਾ ਨਾਮ ਮਨ ਵਿਚ ਵਸ ਜਾਂਦਾ ਹੈ। ਜਦੋਂ ਮਨ, ਸ਼ਬਦ ਵਿਚ ਰੰਗਿਆ ਜਾਂਦਾ ਹੈ ਤਾਂ ਮਨੁੱਖ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਜਿਹੜੇ ਮਨੁੱਖ ਸ਼ਬਦ ਨਾਲ ਸਾਂਝ ਨਹੀਂ ਪਾਉਂਦੇ ਉਹ ਮਾਇਆ ਦੇ ਮੋਹ ਵਿਚ ਆਤਮਕ-ਜੀਵਨ ਵਲੋਂ ਅੰਨੇ ਬੋਲੇ ਹੋਏ ਰਹਿੰਦੇ ਹਨ। ਸੰਸਾਰ ਵਿਚ ਆ ਕੇ ਉਹ ਕੁਝ ਨਹੀਂ ਖੱਟਦੇ। ਉਨ੍ਹਾਂ ਨੂੰ ਪ੍ਰਭੂ ਦੇ ਨਾਮ ਦਾ ਸੁਆਦ ਨਹੀਂ ਆਉਂਦਾ ਤੇ ਉਹ ਆਪਣਾ ਜੀਵਨ ਵਿਅਰਥ ਗਵਾ ਲੈਂਦੇ ਹਨ। ਉਹ ਮੁੜ-ਮੁੜ ਜੰਮਦੇ ਰਹਿੰਦੇ ਹਨ। ਜਿਵੇਂ ਗੰਦ ਦੇ ਕੀੜੇ ਗੰਦ ਵਿਚ ਹੀ ਟਿਕੇ ਰਹਿੰਦੇ ਹਨ, ਤਿਵੇਂ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮੂਰਖ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਹੀ ਮਸਤ ਰਹਿੰਦੇ ਹਨ।'** ਪੂਰਾ ਸ਼ਬਦ ਇਸ ਪ੍ਰਕਾਰ ਹੈ :—

**—ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ**
**ਜਿਚਰੁ ਘਟ ਅੰਤਰਿ ਹੈ ਸਾਸਾ ।।**
**ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ**
**ਜਾਣਉ ਬਰਸ ਪਚਾਸਾ ।।**

ਹਮ ਮੂੜ ਮੁਗਧ ਸਦਾ ਸੇ ਭਾਈ,
ਗੁਰ ਕੈ ਸਬਦਿ ਪ੍ਰਗਾਸਾ ।੧।।
ਹਰਿ ਜੀਉ, ਤੁਮ ਆਪੇ ਦੇਹੁ ਬੁਝਾਈ।।
ਹਰਿ ਜੀਉ, ਤੁਧੁ ਵਿਟਹੁ ਵਾਰਿਆ ਸਦ ਹੀ,
ਤੇਰੇ ਨਾਮ ਵਿਟਹੁ ਬਲਿ ਜਾਈ ।ਰਹਾਉ।।
ਹਮ ਸਬਦਿ ਮੁਏ, ਸਬਦਿ ਮਾਰਿ ਜੀਵਾਲੇ ਭਾਈ,
ਸਬਦੇ ਹੀ ਮੁਕਤਿ ਪਾਈ।।
ਸਬਦੇ ਮਨੁ ਤਨੁ ਨਿਰਮਲੁ ਹੋਆ,
ਹਰਿ ਵਸਿਆ ਮਨਿ ਆਈ।।
ਸਬਦੁ ਗੁਰ ਦਾਤਾ, ਜਿਤੁ ਮਨੁ ਰਾਤਾ,
ਹਰਿ ਸਿਉ ਰਹਿਆ ਸਮਾਈ ।੨।।
ਸਬਦੁ ਨ ਜਾਣਹਿ ਸੇ ਅੰਨੇ ਬੋਲੇ,
ਸੇ ਕਿਤੁ ਆਏ ਸੰਸਾਰਾ।।
ਹਰਿ ਰਸੁ ਨਾ ਪਾਇਆ, ਬਿਰਥਾ ਜਨਮੁ ਗਵਾਇਆ,
ਮਰਿ ਜੰਮਹਿ ਵਾਰੋ ਵਾਰਾ।।
ਬਿਸਟਾ ਕੇ ਕੀੜੇ, ਬਿਸਟਾ ਮਾਹਿ ਸਮਾਣੇ,
ਮਨਮੁਖ ਮੁਗਧ ਗੁਬਾਰਾ ।੩।।
ਆਪੇ ਕਰਿ ਵੇਖੈ, ਮਾਰਗਿ ਲਾਏ ਭਾਈ,
ਤਿਸੁ ਬਿਨੁ ਅਵਰੁ ਨ ਕੋਈ।।
ਜੋ ਧੁਰਿ ਲਿਖਿਆ ਸੋ ਕੋਇ ਨਾ ਮੇਟੈ ਭਾਈ,
ਕਰਤਾ ਕਰੇ ਸੁ ਹੋਈ।।
ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ,
ਅਵਰੁ ਨਾ ਦੂਜਾ ਕੋਈ ।੪।। (ਸੋਰਠਿ, ਮ: ੩—੬੦੧)

ਹੇ ਪ੍ਰਭੂ ਜੀ ! ਤੂੰ ਆਪ ਹੀ (ਆਪਣਾ ਨਾਮ ਜਪਣ ਦੀ ਮੈਨੂੰ) ਸਮਝ ਬਖ਼ਸ਼, ਹੇ ਪ੍ਰਭੂ ! ਮੈਂ ਤੈਥੋਂ ਸਦਾ ਸਦਕੇ ਜਾਵਾਂ, ਮੈਂ ਤੇਰੇ ਨਾਮ ਤੋਂ ਕੁਰਬਾਨ ਜਾਵਾਂ। ਰਹਾਉ।

ਹੇ ਪਿਆਰੇ ਪ੍ਰਭੂ ਜੀ ! (ਮੇਹਰ ਕਰ) ਜਿਤਨਾ ਚਿਰ ਮੇਰੇ ਸਰੀਰ ਵਿਚ ਜਿੰਦ ਹੈ। ਮੈਂ ਸਦਾ ਤੇਰੀ ਸਿਫਤਿ ਸਾਲਾਹ ਕਰਦਾ ਰਹਾਂ। ਹੇ ਮਾਲਕ ਪ੍ਰਭੂ ! ਜਦੋਂ ਤੂੰ ਮੈਨੂੰ ਇਕ ਪਲ ਭਰ ਇਕ ਛਿਨ ਭਰ ਵਿਸਰਦਾ ਹੈਂ, ਮੈਂ ਪੰਜਾਹ ਸਾਲ ਬੀਤ ਗਏ ਸਮਝਦਾ ਹਾਂ। ਹੇ ਭਾਈ ! ਅਸੀਂ ਸਦਾ ਤੋਂ ਮੂਰਖ ਅਣਜਾਣ ਤੁਰੇ ਆ ਰਹੇ ਹਾਂ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ (ਸਾਡੇ ਅੰਦਰ ਆਤਮਕ ਜੀਵਨ ਦਾ) ਚਾਨਣ ਹੋਇਆ ਹੈ।

ਹੇ ਭਾਈ ! ਅਸੀਂ (ਜੀਵ) ਗੁਰੂ ਦੇ ਸ਼ਬਦ ਦੀ ਰਾਹੀ (ਵਿਕਾਰਾਂ) ਵਲੋਂ ਮਰ ਸਕਦੇ ਹਾਂ ਗੁਰੂ ਦੇ ਸ਼ਬਦ ਦੇ ਵਿੱਚ ਜੁੜਿਆਂ ਹੀ ਵਿਕਾਰਾਂ ਵਲੋਂ ਖਲਾਸੀ ਹੁੰਦੀ ਹੈ। ਗੁਰੂ ਦੇ ਸ਼ਬਦ ਦੀ ਰਾਹੀ ਮਨ

ਪਵਿਤ੍ਰ ਹੁੰਦਾ ਹੈ, ਸਰੀਰ ਪਵਿਤ੍ਰ ਹੁੰਦਾ ਹੈ ਅਤੇ ਪਰਮਾਤਮਾ ਮਨ ਵਿੱਚ ਆ ਵਸਦਾ ਹੈ। ਹੇ ਭਾਈ! ਗੁਰੂ ਦਾ ਸ਼ਬਦ ਹੀ ਨਾਮ ਦੀ ਦਾਤਿ ਦੇਣ ਵਾਲਾ ਹੈ। ਜਦੋਂ ਸ਼ਬਦ ਵਿੱਚ ਮਨ ਰੰਗਿਆ ਜਾਂਦਾ ਹੈ ਤਾਂ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

ਹੇ ਭਾਈ ! ਜੇਹੜੇ ਮਨੁੱਖ ਗੁਰੂ ਦੇ ਸ਼ਬਦ ਨਾਲ ਸਾਂਝ ਨਹੀਂ ਪਾਂਦੇ ਉਹ (ਮਾਇਆ ਦੇ ਮੋਹ ਵਿੱਚ ਆਤਮਕ ਜੀਵਨ ਵਲੋਂ) ਅੰਨ੍ਹੇ ਬੋਲੇ ਹੋਏ ਰਹਿੰਦੇ ਹਨ, ਸੰਸਾਰ ਵਿੱਚ ਆ ਕੇ ਉਹ ਕੁਝ ਨਹੀਂ ਖੱਟਦੇ। ਉਹਨਾਂ ਨੂੰ ਪ੍ਰਭੂ ਦੇ ਨਾਮ ਦਾ ਸੁਆਦ ਨਹੀਂ ਆਉਂਦਾ, ਉਹ ਆਪਣਾ ਜੀਵਨ ਵਿਅਰਥ ਬਣਾ ਜਾਂਦੇ ਹਨ, ਉਹ ਮੁੜ ਮੁੜ ਜੰਮਦੇ ਮਰਦੇ ਰਹਿੰਦੇ ਹਨ। ਜਿਵੇਂ ਗੰਦ ਦੇ ਕੀੜੇ ਗੰਦ ਵਿਚ ਹੀ ਟਿਕੇ ਰਹਿੰਦੇ ਹਨ, ਤਿਵੇਂ ਮਨ ਦੇ ਪਿੱਛੇ ਤੁਰਨ ਵਾਲੇ ਮੂਰਖ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਹੀ ਮਸਤ ਰਹਿੰਦੇ ਹਨ।

ਪਰ ਹੇ ਭਾਈ। (ਜੀਵਾਂ ਦੇ ਭੀ ਕੀ ਵੱਸ ?) ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਕੇ ਸੰਭਾਲ ਕਰਦਾ ਹੈ, ਆਪ ਹੀ (ਜੀਵਨ ਦੇ ਸਹੀ) ਰਸਤੇ ਪਾਂਦਾ ਹੈ, ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ (ਜੋ ਜੀਵਾਂ ਨੂੰ ਰਾਹ ਦੱਸ ਸਕੇ)। ਹੇ ਭਾਈ ! ਕਰਤਾਰ ਜੋ ਕੁਝ ਕਰਦਾ ਹੈ ਉਹੀ ਹੁੰਦਾ ਹੈ, ਧੁਰ ਦਰਗਾਹ ਤੋਂ (ਜੀਵਾਂ ਦੇ ਮੱਥੇ ਤੇ ਲੇਖ) ਲਿਖ ਦੇਂਦਾ ਹੈ। ਉਸ ਨੂੰ ਕੋਈ (ਹੋਰ) ਮਿਟਾ ਨਹੀਂ ਸਕਦਾ। ਹੇ ਨਾਨਕ ! (ਆਖ—) ਹੇ ਭਾਈ ! ਉਸ ਪ੍ਰਭੂ ਦੀ ਮੇਹਰ ਨਾਲ ਹੀ ਉਸਦਾ ਨਾਮ ਮਨੁੱਖ ਦੇ ਮਨ ਵਿੱਚ ਵੱਸ ਸਕਦਾ ਹੈ। ਕੋਈ ਹੋਰ ਇਹ ਦਾਤਿ ਦੇਣ ਜੋਗਾ ਨਹੀਂ ਹੈ।

**ਸ਼ਬਦ–ਵੀਚਾਰ ਦੀਆਂ ਵੱਖ–ਵੱਖ ਮੁੱਖ ਬਰਕਤਾਂ**

**(ੳ) ਸ਼ਬਦ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ :** ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਪ੍ਰਭੂ-ਪ੍ਰਾਪਤੀ ਦੀ ਖਾਤਰ ਕਈ ਕਰਮ ਕੀਤੇ ਜਾਂਦੇ ਸਨ—ਤਨ ਨੂੰ ਦੁਖ ਦੇਣ ਵਾਲੇ ਤਪ ਸਾਧਣੇ, ਜੰਗਲਾਂ ਵਿਚ ਜਾ ਕੇ ਰਹਿਣਾ ਤੇ ਕੰਦ-ਮੂਲ ਖਾ ਕੇ ਗੁਜ਼ਾਰਾ ਕਰਨਾ, ਮੰਤਰਾਂ ਦੇ ਜਾਪ ਕਰਨੇ, ਤੀਰਥ ਇਸ਼ਨਾਨ ਕਰਨਾ, ਦਾਨ ਕਰਨਾ—ਆਦਿ। ਗੁਰੂ ਸਾਹਿਬਨਾਂ ਨੇ ਇਨ੍ਹਾਂ ਤੇ ਇਨ੍ਹਾਂ ਵਰਗੇ ਹੋਰ ਸੈਂਕੜੇ ਧਰਮ-ਕਰਮਾਂ (ਕਰਮ ਕਾਂਡਾਂ) ਨੂੰ ਨਿਸਫਲ ਕਰਮ ਦਸਿਆ ਅਤੇ ਇਹ ਸਮਝਾਇਆ ਕਿ ਗੁਰੂ ਦੀ ਸਿਖਿਆ (ਗੁਰ-ਸ਼ਬਦ) ਉਤੇ ਤੁਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ-ਸ਼ਬਦ ਦੇ ਪ੍ਰਕਾਸ਼ ਸਦਕਾ ਮਨੁੱਖ ਨੂੰ ਹਰ ਪਾਸੇ ਪ੍ਰਭੂ ਹੀ ਪ੍ਰਭੂ ਨਜ਼ਰ ਆਉਂਦਾ ਹੈ ਅਤੇ ਉਹ ਕੁਦਰਤ ਵਿਚ ਵਿਆਪਕ ਪ੍ਰਭੂ ਦੇ ਕੌਤਕਾਂ ਨੂੰ ਵੇਖ ਕੇ ਵਿਸਮਾਦ ਵਿਚ ਆ ਜਾਂਦਾ ਹੈ। ਇੰਝ ਸ਼ਬਦ ਦੀ ਬਰਕਤ ਨਾਲ ਜਿਹੜੇ ਮਨੁੱਖ ਪ੍ਰਭੂ ਨਾਲ ਜੁੜ ਜਾਂਦੇ ਹਨ, ਉਹ ਮੁੜ ਕੇ ਪ੍ਰਭੂ ਤੋਂ ਨਹੀਂ ਵਿਛੜਦੇ ਅਤੇ ਆਤਮਕ ਅਡੋਲਤਾ (ਸਹਜ) ਵਿਚ ਰਹਿ ਕੇ ਸਦੀਵੀ ਅਨੰਦ ਪ੍ਰਾਪਤ ਕਰਦੇ ਹਨ :—

**—ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ।।**
**ਜਬ ਲਗੁ ਗੁਰ ਕਾ ਸਬਦੁ ਨਾ ਕਮਾਹੀ।।**
**ਗੁਰ ਕੈ ਸਬਦਿ ਮਿਲਿਆ ਸਚੁ ਪਾਇਆ,**
**ਸਚੇ ਸਚਿ ਸਮਾਇਦਾ।।** (ਮਾਰੂ,ਮ: ੩—੧੦੬੦)

ਜਦੋਂ ਤਕ ਮਨੁੱਖ ਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚ ਵਸਾਣ ਦੀ ਕਮਾਈ ਨਹੀਂ ਕਰਦੇ ਕੋਈ ਜਪ, ਕੋਈ, ਤਪ, ਕੋਈ ਸੰਜਮ, ਹੋਰ ਕੋਈ ਭੀ ਉੱਦਮ ਉਹਨਾਂ ਦੀ ਸਹਾਇਤਾ ਨਹੀਂ ਕਰਦਾ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿੱਚ ਜੁੜਦਾ ਹੈ, ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ

ਮਿਲਾਪ ਹਾਸਲ ਕਰ ਲੈਂਦਾ ਹੈ। ਉਹ ਹਰ ਵੇਲੇ ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਵਿੱਚ ਲੀਨ ਰਹਿੰਦਾ ਹੈ।

**—ਸਤਿਗੁਰ ਸਬਦਿ ਉਜਾਰੋ ਦੀਪਾ।।**
**ਬਿਨਸਿਓ ਅੰਧਕਾਰ ਤਿਹ ਮੰਦਰਿ,**
**ਰਤਨ ਕੋਠੜੀ ਖੁਲੀ ਅਨੂਪਾ।।੧।।ਰਹਾਉ।।**
**ਬਿਸਮਨ ਬਿਸਮ ਭਏ ਜਉ ਪੇਖਿਓ, ਕਹਨੁ ਨ ਜਾਇ ਵਡਿਆਈ।।**
**ਮਗਨ ਭਏ ਊਹਾ ਸੰਗਿ ਮਾਤੇ, ਓਤਿ ਪੋਤਿ ਲਪਟਾਈ।।੧।।**
**ਆਲ ਜਾਲ ਨਹੀ ਕਛੂ ਜੰਜਾਰਾ, ਅਹੰਬੁਧਿ ਨਹੀ ਭੋਰਾ।।**
**ਊਚਨ ਊਚਾ, ਬੀਚੁ ਨ ਖੀਚਾ, ਹਉ ਤੇਰਾ ਤੂੰ ਮੋਰਾ।।੨।।**
**ਏਕੰਕਾਰੁ ਏਕੁ ਪਾਸਾਰਾ, ਏਕੈ ਅਪਰ ਅਪਾਰਾ।।**
**ਏਕੁ ਬਿਸਥੀਰਨੁ ਏਕੁ ਸੰਪੂਰਨੁ, ਏਕੈ ਪ੍ਰਾਨ ਅਧਾਰਾ।।੩।।**
**ਨਿਰਮਲ ਨਿਰਮਲ ਸੂਚਾ, ਸੂਚੋ ਸੂਚਾ, ਸੂਚੋ ਸੂਚਾ।।**
**ਅੰਤ ਨ ਅੰਤਾ, ਸਦਾ ਬੇਅੰਤਾ, ਕਹੁ ਨਾਨਕ ਊਚੋ ਊਚਾ।।੪।।**

(ਬਿਲਾਵਲ ਮ: ੫—੮੨੧)

ਜਿਸ ਮਨ ਮੰਦਰ ਵਿੱਚ ਗੁਰੂ ਦੇ ਸ਼ਬਦ ਦੀਵੇ ਦੀ ਰਾਹੀਂ ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ, ਉਸ ਮਨ ਮੰਦਰ ਵਿੱਚ ਆਤਮਕ ਗੁਣ ਰਤਨਾਂ ਦੀ ਬੜੀ ਸੁੰਦਰ ਕੋਠੜੀ ਖੁਲ ਜਾਂਦੀ ਹੈ ਅਤੇ ਹਨੇਰੇ ਦਾ ਉਥੋਂ ਨਾਸ ਹੋ ਜਾਂਦਾ ਹੈ।

ਗੁਰੂ ਸ਼ਬਦ ਦੀਵੇ ਦੇ ਚਾਨਣ ਵਿੱਚ ਜਦੋਂ ਅੰਦਰ ਵਸਦੇ ਪ੍ਰਭੂ ਦਾ ਦਰਸ਼ਨ ਹੁੰਦਾ ਹੈ ਤਦੋਂ ਮੇਰ ਤੇਰ ਵਾਲੀਆਂ ਸਭੇ ਸੁਧਾਂ ਭੁੱਲ ਜਾਂਦੀਆਂ ਹਨ, ਪਰ ਉਸ ਅਵਸਥਾ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ ਜਿਵੇਂ ਤਾਣੇ ਪੇਟੇ ਦੇ ਧਾਗੇ ਆਪੋ ਵਿਚ ਮਿਲੇ ਹੁੰਦੇ ਹਨ ਤਿਵੇਂ ਉਸ ਪ੍ਰਭੂ ਵਿੱਚ ਸੁਰਤਿ ਡੁੱਬ ਜਾਂਦੀ ਹੈ, ਉਸ ਪ੍ਰਭੂ ਦੇ ਚਰਨਾਂ ਨਾਲ ਹੀ ਮਸਤ ਹੋ ਜਾਈਦਾ ਹੈ, ਉਹਦੇ ਚਰਨਾਂ ਨਾਲ ਹੀ ਚੰਬੜ ਜਾਈਦਾ ਹੈ।

ਹੇ ਭਾਈ ! ਗੁਰੂ ਦੇ ਸ਼ਬਦ ਦੀਵੇ ਨਾਲ ਜਦੋਂ ਮਨ-ਮੰਦਰ ਵਿੱਚ ਚਾਨਣ ਹੁੰਦਾ ਹੈ, ਤਦੋਂ ਉਸ ਅਵਸਥਾ ਵਿਚ ਗ੍ਰਿਹਸਤ ਦੇ ਮੋਹ ਜਾਲ ਅਤੇ ਝੰਬੇਲੇ ਮਹਿਸੂਸ ਨਹੀਂ ਹੁੰਦੇ। ਅੰਦਰ ਕਿਤੇ ਰਤਾ ਭਰ ਵੀ ਮੈਂ ਮੈਂ ਕਰਨ ਵਾਲੀ ਬੁਧੀ ਨਹੀਂ ਰਹਿ ਜਾਂਦੀ। ਤਦੋਂ ਮਨ-ਮੰਦਰ ਵਿੱਚ ਉਹ ਮਹਾਨ ਉੱਚਾ ਪਰਮਾਤਮਾ ਹੀ ਵੱਸਦਾ ਦਿੱਸਦਾ ਹੈ, ਉਸ ਨਾਲੋਂ ਕੋਈ ਪਰਦਾ ਤਣਿਆ ਨਹੀਂ ਰਹਿ ਜਾਂਦਾ (ਉਸ ਵੇਲੇ ਉਸ ਨੂੰ ਇਉਂ ਹੀ ਆਖੀਦਾ ਹੈ—ਹੇ ਪ੍ਰਭੂ ! ਮੈਂ ਤੇਰਾ (ਦਾਸ) ਹਾਂ, ਤੂੰ ਮੇਰਾ (ਮਾਲਕ) ਹੈਂ।

(ਹੇ ਭਾਈ ! ਗੁਰੂ ਦੇ ਸ਼ਬਦ ਦੀਵੇ ਨਾਲ ਜਦੋਂ ਮਨ-ਮੰਦਰ ਵਿੱਚ ਆਤਮਕ ਜੀਵਨ ਦਾ ਚਾਨਣ ਹੁੰਦਾ ਹੈ, ਤਦੋਂ ਬਾਹਰ ਜਗਤ ਵਿੱਚ ਭੀ) ਇਕੋ ਸਰਬ ਵਿਆਪਕ ਪਰਮਾਤਮਾ ਆਪ ਹੀ ਪਸਰਿਆ ਦਿਸਦਾ ਹੈ। ਉਹ ਆਪ ਹੀ ਹਰ ਪਾਸੇ ਖਿਲਰਿਆ ਤੇ ਵਿਆਪਕ ਜਾਪਦਾ ਹੈ, ਉਹੀ ਜੀਵਾਂ ਦੀ ਜਿੰਦਗੀ ਦਾ ਆਸਰਾ ਦਿਸਦਾ ਹੈ।

ਹੇ ਨਾਨਕ ! ਆਖ (ਜਦੋਂ ਮਨ-ਮੰਦਰ ਵਿਚ ਗੁਰ-ਸ਼ਬਦ ਦੇ ਦੀਵੇ ਨਾਲ ਪ੍ਰਕਾਸ਼ ਹੁੰਦਾ ਹੈ, ਤਦੋਂ ਇਹ ਪ੍ਰਤੱਖ ਦਿਸ ਪੈਂਦਾ ਹੈ ਕਿ) ਪਰਮਾਤਮਾ ਮਹਾਨ ਪਵਿੱਤਰ ਹੈ, ਮਹਾਨ ਸੁੱਚਾ ਹੈ, ਉਸ ਦਾ ਅੰਤ ਨਹੀਂ ਪੈ ਸਕਦਾ ਉਹ ਸਦਾ ਹੀ ਬੇਅੰਤ ਹੈ ਅਤੇ ਉੱਚਿਆ ਤੋਂ ਉੱਚਾ ਹੈ (ਉਸ ਵਰਗਾ ਉੱਚਾ ਹੋਰ ਕੋਈ ਨਹੀਂ)

**—ਕੁਦਰਤਿ ਦੇਖਿ ਰਹੇ ਮਨੁ ਮਾਨਿਆ ।।**
**ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ।।**
**ਨਾਨਕ ਆਤਮ ਰਾਮੁ ਸਬਾਇਆ,**
**ਗੁਰ ਸਤਿਗੁਰ ਅਲਖੁ ਲਖਾਇਆ ।।** (—ਮਾਰੂ, ਮ: ੧—੧੦੪੩)

(ਇਕ ਉਹ ਹਨ ਜੇਹੜੇ) ਕੁਦਰਤਿ ਵਿੱਚ ਵਸਦੇ ਪ੍ਰਭੂ ਨੂੰ ਵੇਖਦੇ ਹਨ ਉਹਨਾਂ ਦਾ ਮਨ ਉਸ ਦੀਦਾਰ ਵਿੱਚ ਪ੍ਰਸੰਨ ਹੁੰਦਾ ਹੈ, ਗੁਰੂ ਦੇ ਸਬਦ ਵਿੱਚ ਜੁੜ ਕੇ ਉਹ ਹਰ ਥਾਂ ਪ੍ਰਭੂ ਨੂੰ ਵਸਦਾ ਪਛਾਣਦੇ ਹਨ। ਹੇ ਨਾਨਕ ! ਉਹਨਾਂ ਨੂੰ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਪਰਮਾਤਮਾ ਦਿਸਦਾ ਹੈ। ਗੁਰੂ ਹੀ ਅਦ੍ਰਿਸ਼ਟ ਪਰਮਾਤਮਾ ਦਾ ਦੀਦਾਰ ਕਰਾਂਦਾ ਹੈ।

**—ਗੁਰਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ।।**
(ਗਉੜੀ ਮਾਝ, ਮ: ੪—੧੭੪)

ਗੁਰੂ ਦੇ ਸ਼ਬਦ ਦੀ ਰਾਹੀਂ ਹੀ ਹਰੀ ਪ੍ਰੀਤਮ ਨੂੰ ਮਿਲ ਸਕੀਦਾ ਹੈ।

**— ਮਨ ਮੇਰੇ, ਗੁਰ ਸਬਦੀ ਹਰਿ ਪਾਇਆ ਜਾਇ ।।**
**ਬਿਨੁ ਸਬਦੇ ਜਗੁ ਭੁਲਦਾ ਫਿਰਦਾ,**
**ਦਰਗਹ ਮਿਲੈ ਸਜਾਇ ।।** (ਸੋਰਠਿ, ਮ: ੩—੬੦੦)

ਹੇ ਮੇਰੇ ਮਨ ! ਗੁਰੂ ਦੇ ਸ਼ਬਦ ਦੀ ਰਾਹੀਂ ਹੀ ਪਰਮਾਤਮਾ ਮਿਲ ਸਕਦਾ ਹੈ। ਸ਼ਬਦ ਤੋਂ ਬਿਨਾਂ ਜਗਤ ਕੁਰਾਹੇ ਪਿਆ ਹੋਇਆ ਭਟਕਦਾ ਫਿਰਦਾ ਹੈ, (ਅਗਾਂਹ ਪਰਲੋਕ ਵਿੱਚ) ਪ੍ਰਭੂ ਦੀ ਦਰਗਾਹ ਵਿੱਚ ਦੰਡ ਸਹਿੰਦਾ ਹੈ।

**—ਆਤਮ ਰਾਮੁ, ਰਾਮੁ ਹੈ ਆਤਮ,**
**ਹਰਿ ਪਾਈਐ ਸਬਦਿ ਵੀਚਾਰਾ ਹੇ ।।** (ਮਾਰੂ, ਮ: ੧—੧੦੩੦)

ਜਿਉ ਜਿਉ ਗੁਰੂ ਦੇ ਸ਼ਬਦ ਦੀ ਰਾਹੀਂ ਵਿਚਾਰ ਕਰੀਏ, ਤਿਉ ਤਿਉ ਇਹ ਸਮਝ ਆ ਜਾਂਦੀ ਹੈ ਕਿ ਆਤਮਾ ਤੇ ਪਰਮਾਤਮਾ ਇਕ ਰੂਪ ਹਨ।

**—ਜੁਗਿ ਜੁਗਿ ਸਾਚਾ ਏਕੋ ਦਾਤਾ ।। ਪੂਰੈ ਭਾਗਿ ਗੁਰ ਸਬਦੁ ਪਛਾਤਾ ।।**
**ਸਬਦਿ ਮਿਲੇ ਸੇ ਵਿਛੁੜੇ ਨਾਹੀ, ਨਦਰੀ ਸਹਜਿ ਮਿਲਾਈ ਹੇ ।।**
(ਮਾਰੂ, ਮ: ੩—੧੦੪੬)

ਹਰੇਕ ਜੁਗ ਵਿਚ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਹੀ ਨਾਮ ਦੀ ਦਾਤਿ ਦੇਣ ਵਾਲਾ ਹੈ। ਜਿਸ ਨੂੰ ਇਹ ਦਾਤਿ ਦੇਂਦਾ ਹੈ ਉਹ ਮਨੁੱਖ ਵਡੀ ਕਿਸਮਤ ਨਾਲ ਗੁਰੂ ਦੇ ਸ਼ਬਦ ਦੀ ਕਦਰ ਨੂੰ ਸਮਝ ਲੈਂਦਾ ਹੈ। ਜਿਹੜੇ ਮਨੁੱਖ ਗੁਰੂ ਦੇ ਸ਼ਬਦ ਵਿੱਚ ਲੀਨ ਹੋ ਜਾਂਦੇ ਹਨ ਉਹ ਉਥੋਂ ਫਿਰ

ਵਿਛੜਦੇ ਨਹੀਂ। ਪ੍ਰਭੂ ਉਹਨਾਂ ਨੂੰ ਆਪਣੀ ਮਿਹਰ ਦੀ ਨਿਗਾਹ ਨਾਲ ਆਤਮਕ ਅਡੋਲਤਾ ਵਿਚ ਮਿਲਾਈ ਰਖਦਾ ਹੈ।

—ਗੁਰ ਪਰਸਾਦਿ ਨਿਰੰਜਨੁ ਪਾਇਆ,
ਸਾਚੈ ਸਬਦਿ ਵੀਚਾਰੀ ।। (ਸਾਰਗ ਮ: ੩—੧੨੩੪)

ਜਿਹੜਾ ਮਨੁੱਖ ਗੁਰੂ ਦੀ ਕਿਰਪਾ ਨਾਲ ਸਦਾ ਥਿਰ ਪ੍ਰਭੂ ਦੇ ਸ਼ਬਦ ਵਿਚ ਸੁਰਤਿ ਜੋੜਦਾ ਹੈ, ਉਹ ਮਨੁੱਖ ਨਿਰਲੇਪ ਪ੍ਰਭੂ ਦਾ ਮਿਲਾਪ ਹਾਸਲ ਕਰ ਲੈਂਦਾ ਹੈ।

**(੨) ਸ਼ਬਦ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ** : ਗੁਰੂ ਦੇ ਸ਼ਬਦ ਦੁਆਰਾ ਹੀ ਨਾਮ ਦੀ ਲਖਤਾ ਹੁੰਦੀ ਹੈ ਅਤੇ ਨਾਮ ਮਨੁੱਖ ਦੇ ਹਿਰਦੇ ਵਿਚ ਵਸ ਜਾਂਦਾ ਹੈ। ਅਜਿਹਾ ਮਨੁੱਖ ਪ੍ਰਭੂ ਦੀ ਸਿਫਤ-ਸਲਾਹ ਵਿਚ ਜੁੜਦਾ ਹੈ ਅਤੇ ਤੂ ਤੂ ਕਰਤਾ ਤੂ ਭਇਆ' ਦੀ ਅਵਸਥਾ ਨੂੰ ਪੁਜ ਜਾਂਦਾ ਹੈ। ਅਜਿਹੇ ਨਾਮ ਦੇ ਵਪਾਰੀ ਮਨੁੱਖਾਂ ਨੂੰ ਹੀ ਗੁਰਮਤਿ ਵਿਚ ਧਨਵਾਨ ਮੰਨਿਆ ਗਿਆ ਹੈ। ਜੋ ਇਸ ਸੰਸਾਰ ਵਿਚ ਨਾਮ-ਧਨ ਖੱਟਦੇ ਹਨ ਅਤੇ ਨਾਮ ਵੰਡਦੇ ਹਨ:

—ਸਾਚੁ ਨਾਮੁ ਗੁਰ ਸਬਦਿ ਵੀਚਾਰਿ ।।
ਗੁਰਮੁਖਿ ਸਚੇ, ਸਾਚੈ ਦਰਬਾਰਿ ।। (ਆਸ: ਮ: ੧—੩੫੫)

ਗੁਰੂ ਦੇ ਸ਼ਬਦ ਦੀ ਰਾਹੀਂ ਪਰਮਾਤਮਾ ਦਾ ਸਦਾ ਥਿਰ ਨਾਮ ਵਿਚਾਰ ਕੇ ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦੇ ਸਦਾ ਅੱਟਲ ਪ੍ਰਭੂ ਦੇ ਦਰਬਾਰ ਵਿੱਚ ਸੁਰਖਰੂ ਹੁੰਦੇ ਹਨ।

—ਇਸੁ ਜਗ ਮਹਿ ਨਿਰਭਉ ਹਰਿਨਾਮੁ ਹੈ,
ਪਾਈਐ ਗੁਰ ਵੀਚਾਰਿ ।। (ਆਸਾ ਮ: ੩—੩੬੫)

ਇਸ ਜਗ ਵਿਚ ਪਰਮਾਤਮਾ ਦਾ ਨਾਮ ਹੀ ਹੈ ਜੋ (ਜਗਤ ਦੇ) ਸਾਰੇ ਡਰਾਂ ਤੋਂ ਬਚਾਣ ਵਾਲਾ ਹੈ, ਪਰ ਇਹ ਨਾਮ ਗੁਰੂ ਦੀ ਦਸੀ ਹੋਈ ਵਿਚਾਰ ਨਾਲ ਮਿਲਦਾ ਹੈ।

—ਸਬਦੇ ਹੀ ਨਾਉ ਊਪਜੈ, ਸਬਦੇ ਮੇਲਿ ਮਿਲਾਇਆ ।।
ਬਿਨੁ ਸਬਦੈ ਸਭੁ ਜਗੁ ਬਉਰਾਨਾ, ਬਿਰਥਾ ਜਨਮੁ ਗਵਾਇਆ ।।
(ਵਾਰ ਸੋਰਠਿ ਮ: ੩—੬੪੪)

ਸਤਿਗੁਰੂ ਦੇ ਸ਼ਬਦ ਨਾਲ ਹੀ ਨਾਮ ਦਾ ਅੰਗੂਰ ਹਿਰਦੇ ਵਿੱਚ ਉੱਗਦਾ ਹੈ ਤੇ ਸ਼ਬਦ ਦੀ ਰਾਹੀ ਹੀ ਹਰੀ ਨਾਲ ਮੇਲ ਹੁੰਦਾ ਹੈ ; ਸ਼ਬਦ ਤੋਂ ਬਿਨਾਂ ਸਾਰਾ ਸੰਸਾਰ ਪਾਗਲ ਹੋਇਆ ਪਿਆ ਹੈ ਤੇ ਮਨੁੱਖਾ ਜਨਮ ਵਿਅਰਥ ਗਵਾਉਂਦਾ ਹੈ।

—ਇਹ ਮਨੁ ਦੇਹੀ ਸੋਧਿ ਤੂੰ, ਗੁਰ ਸਬਦਿ ਵੀਚਾਰਿ ।।
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ,
ਪਾਈਐ ਗੁਰ ਕੈ ਹੇਤਿ ਅਪਾਰਿ ।। (ਆਸਾ ਮ: ੩—੪੨੯)

ਹੇ ਭਾਈ ! ਤੂੰ ਆਪਣੇ ਇਸ ਮਨ ਨੂੰ ਖੋਜ, ਆਪਣੇ ਸਰੀਰ ਨੂੰ ਖੋਜ, ਗੁਰੂ ਦੇ ਸ਼ਬਦ ਵਿਚ

ਜੁੜ ਕੇ ਵਿਚਾਰ ਕਰ। ਹੇ ਨਾਨਕ ! ਸਾਰੇ ਸੁੱਖਾਂ ਦਾ ਖ਼ਜ਼ਾਨਾ ਹਰਿ ਨਾਮ ਸਰੀਰ ਦੇ ਵਿਚ ਹੀ ਹੈ। ਗੁਰੂ ਦੀ ਅਪਾਰ ਮਿਹਰ ਨਾਲ ਹੀ ਮਿਲਦਾ ਹੈ।

**—ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ,**
**ਪਾਈਐ ਗੁਰ ਕੇ ਸਬਦਿ ਵੀਚਾਰਾ।।** (ਸੂਹੀ ਮ: ੩—੭੫੪)

ਗੁਰੂ ਦੇ ਸ਼ਬਦ ਰਾਹੀਂ ਵਿਚਾਰ ਕਰਕੇ ਇਸ ਸਰੀਰ ਦੇ ਵਿਚੋਂ ਹੀ ਪਰਮਾਤਮਾ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ ਜੇਹੜਾ ਮਾਨੋ ਧਰਤੀ ਦੇ ਨੌਂ ਖ਼ਜ਼ਾਨੇ ਹੀ ਹੈ।

**—ਗੁਰ ਸਬਦੁ ਬੀਚਾਰਹਿ, ਆਪੁ ਜਾਇ।।**
**ਸਾਚ ਜੋਗੁ ਮਨਿ ਵਸੈ ਆਇ।।** (ਬਸੰਤ ਮ: ੧—੧੧੯੦)

ਹੇ ਭਾਈ ! ਜੇ ਤੂੰ ਗੁਰੂ ਦੇ ਸ਼ਬਦ ਨੂੰ ਆਪਣੀ ਸੁਰਤਿ ਵਿਚ ਟਿਕਾ ਰੱਖੇਂ ਤਾਂ ਇਸ ਤਰ੍ਹਾਂ ਆਪਾ-ਭਾਵ ਦੂਰ ਹੋ ਸਕੇਗਾ। ਗੁਰੂ ਦਾ ਸ਼ਬਦ ਵਿਚਾਰਨ ਦੀ ਬਰਕਤਿ ਨਾਲ ਉਹ ਪ੍ਰਭੂ-ਨਾਮ ਮਨ ਵਿਚ ਆ ਵਸਦਾ ਹੈ ਜੋ ਸਦਾ-ਥਿਰ ਪ੍ਰਭੂ ਨਾਲ ਸਦਾ ਦਾ ਮਿਲਾਪ ਬਣਾ ਦੇਂਦਾ ਹੈ।

**—ਅੰਤਰਿ ਖੂਹਟਾ ਅੰਮ੍ਰਿਤਿ ਭਰਿਆ,**
**ਸਬਦੇ ਕਾਢਿ ਪੀਐ ਪਨਿਹਾਰੀ।।** (ਵਡਹੰਸ ਮ: ੩—੫੭੦)

ਆਤਮਕ ਜੀਵਨ ਦੇਣ ਵਾਲੇ ਨਾਮ ਜਲ ਨਾਲ ਭਰਿਆ ਹੋਇਆ ਚਸ਼ਮਾ ਮਨੁੱਖ ਦੇ ਅੰਦਰ ਹੀ ਹੈ, ਜਿਸ ਮਨੁੱਖ ਦੀ ਸੁਰਤਿ ਗੁਰੂ ਦੇ ਸ਼ਬਦ ਦੀ ਰਾਹੀਂ ਇਹ ਨਾਮ ਜਲ ਭਰਨਾ ਜਾਣਦੀ ਹੈ ਉਹ ਮਨੁੱਖ ਅੰਦਰਲੇ ਚਸ਼ਮੇ ਵਿਚੋਂ ਨਾਮ ਜਲ ਕੱਢ ਕੇ ਪੀਂਦਾ ਰਹਿੰਦਾ ਹੈ।

**—ਧਨਵੰਤ ਨਾਮ ਕੇ ਵਣਜਾਰੇ।।**
**ਸਾਂਝੀ ਕਰਹੁ ਨਾਮ ਧਨੁ ਖਾਟਹੁ,**
**ਗੁਰ ਕਾ ਸਬਦੁ ਵੀਚਾਰੇ।।** (ਸਾਰਗ ਮ: ੫—੧੨੨੦)

ਹੇ ਭਾਈ ! ਅਸਲ ਧਨਾਢ ਮਨੁੱਖ ਉਹ ਹਨ ਜਿਹੜੇ ਪਰਮਾਤਮਾ ਦੇ ਨਾਮ ਦਾ ਵਣਜ ਕਰਦੇ ਹਨ। ਉਹਨਾਂ ਨਾਲ ਸਾਂਝ ਬਣਾਓ ਅਤੇ ਗੁਰੂ ਦਾ ਸ਼ਬਦ ਆਪਣੇ ਮਨ ਵਿਚ ਵਸਾ ਕੇ ਪਰਮਾਤਮਾ ਦਾ ਨਾਮ-ਧਨ ਖਟੋ।

# ਸ਼ਬਦ-ਵਿਚਾਰ ਨਾਲ ਵਿਕਾਰਾਂ ਤੋਂ ਖਲਾਸੀ ਹੁੰਦੀ ਹੈ

ਮਾਇਆ ਅਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਕੰਧ ਹਨ। ਜਦ ਤੱਕ ਵਿਕਾਰਾਂ ਦੀ ਇਸ ਕੰਧ ਨੂੰ ਤੋੜਿਆ ਨਹੀਂ ਜਾਂਦਾ, ਉਦੋਂ ਤੱਕ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ। ਸ਼ਬਦ ਦੀ ਵਿਚਾਰ ਨਾਲ ਮਨੁੱਖ ਮਾਇਆ ਦੀ ਨੀਂਦ ਤੋਂ ਜਾਗਦਾ ਹੈ ਅਤੇ ਉਸਨੂੰ ਪ੍ਰਭੂ ਦੇ ਦਰ ਦੀ ਸੋਝੀ ਹੁੰਦੀ ਹੈ, ਸ਼ਬਦ ਦੀ ਕਮਾਈ ਨਾਲ ਮਨੁੱਖ ਪੰਜ ਮੁੱਖ ਵਿਕਾਰਾਂ ਅਤੇ ਹੋਰ ਸਭ ਬਦੀਆਂ ਉੱਤੇ ਫਤਹਿ ਪ੍ਰਾਪਤ ਕਰਦਾ ਹੈ। ਇੰਞ ਆਪਣੇ ਮਨ ਨੂੰ ਨਿਰਮਲ ਕਰਦਾ ਹੈ ਤੇ ਪ੍ਰਭੂ ਦੇ ਨਿਵਾਸ ਯੋਗ ਬਣਾਉਂਦਾ ਹੈ। ਮਨੁੱਖ ਜਿੰਨਾਂ ਵਿਕਾਰਾਂ ਤੋਂ ਦੂਰ ਜਾਂਦਾ ਹੈ, ਉੱਨਾ ਹੀ ਪ੍ਰਭੂ ਦੇ ਨੇੜੇ ਹੋਈ ਜਾਂਦਾ ਹੈ। ਜਦੋਂ ਵਿਕਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ ਤਾਂ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਅਜਿਹੀ ਅਵਸਥਾ ਨੂੰ ਉਹੀ ਭਾਗਾਂ ਵਾਲੇ ਮਨੁੱਖ ਪਹੁੰਚਦੇ ਹਨ ਜਿਨ੍ਹਾਂ ਉੱਤੇ ਸਤਿਗੁਰੂ ਬਖਸ਼ਿਸ਼ ਕਰਦਾ ਹੈ ਅਤੇ ਸ਼ਬਦ ਦੁਆਰਾ ਸੂਝ ਬਖਸ਼ ਕੇ ਉਨ੍ਹਾਂ ਨੂੰ ਵਿਕਾਰਾਂ ਦੇ ਮਾਰੂ ਹਮਲਿਆਂ ਤੋਂ ਬਚਾਈ ਰੱਖਦਾ ਹੈ :—

—ਗੁਰਮੁਖਿ ਮੁਕਤੋ ਬੰਧੁ ਨ ਪਾਇ॥
ਸਬਦੁ ਬੀਚਾਰਿ ਛੁਟੈ ਹਰਿ ਨਾਇ॥ (ਗਉੜੀ, ਮ: ੧—੧੫੨)

ਜੋ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਵਾਸਨਾ ਤੋਂ ਬਚਿਆ ਰਹਿੰਦਾ ਹੈ, ਵਾਸਨਾ (ਉਸਦੇ ਰਾਹ ਵਿੱਚ) ਬੰਨ੍ਹ ਨਹੀਂ ਮਾਰ ਸਕਦੀ। ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਉਹ ਮਨੁੱਖ ਪ੍ਰਭੂ ਦੇ ਨਾਮ ਦੀ ਰਾਹੀ ਵਾਸਨਾ ਦੇ ਜਾਲ ਵਿੱਚੋਂ ਬਚ ਜਾਂਦਾ ਹੈ।

—ਦੁਰਮਤਿ ਅਗਨਿ ਜਗਤ ਪਰਜਾਰੇ॥
ਸੋ ਉਬਰੈ ਗੁਰ ਸਬਦੁ ਬੀਚਾਰੇ॥ (ਗਉੜੀ, ਮ: ੧—੨੨੫)

ਭੈੜੀ ਕੋਝੀ ਮਤਿ ਦੀ ਅੱਗ ਸੰਸਾਰ ਦੇ ਜੀਵਾਂ ਦੇ ਆਤਮਿਕ ਜੀਵਨ ਨੂੰ ਚੰਗੀ ਤਰ੍ਹਾਂ ਸਾੜ ਰਹੀ ਹੈ। (ਇਸ ਅੱਗ ਵਿੱਚੋਂ) ਉਹੀ ਮਨੁੱਖ ਬਚਦਾ ਹੈ ਜਿਹੜਾ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ।

—ਹਉਮੈ ਨਿਵਰੈ ਗੁਰ ਸਬਦੁ ਵੀਚਾਰੈ॥
ਚੰਚਲ ਮਤਿ ਤਿਆਗੈ, ਪੰਚ ਸੰਘਾਰੈ॥ (ਗਉੜੀ, ਮ: ੧—੨੨੬)

ਜਿਹੜਾ ਮਨੁੱਖ ਗੁਰੂ ਦਾ ਸ਼ਬਦ ਵਿਚਾਰਦਾ ਹੈ, ਉਸ ਦੀ ਹਉਮੈ ਦੂਰ ਹੋ ਜਾਂਦੀ ਹੈ। ਉਹ ਹੋਛੀ ਮਤਿ ਤਿਆਗਦਾ ਹੈ ਤੇ ਕਾਮਾਦਿਕ ਪੰਜਾਂ ਵੈਰੀਆਂ ਦਾ ਨਾਸ ਕਰਦਾ ਹੈ।

—ਸਬਦੁ ਵੀਚਾਰਿ ਗਹਹਿ ਗੁਰ ਸੇਵਾ॥
ਮਨਿ ਤਨਿ ਨਿਰਮਲ, ਅਭਿਮਾਨ ਅਭੇਵਾ॥੬॥

(ਰਾਮਕਲੀ, ਮ: ੧—੯੦੬)

ਜਿਹੜੇ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਵਿਚਾਰ ਮੰਡਲ ਵਿੱਚ ਟਿਕਾ ਕੇ ਗੁਰੂ ਦੀ ਦੱਸੀ ਸੇਵਾ ਦਾ ਉੱਦਮ ਗ੍ਰਹਿਣ ਕਰਦੇ ਹਨ, ਉਹਨਾਂ ਦੇ ਮਨ ਵਿੱਚ, ਉਹਨਾਂ ਦੇ ਸਰੀਰ ਵਿੱਚ (ਭਾਵ ਇੰਦ੍ਰਿਆਂ ਵਿੱਚ) ਪਵਿੱਤਰਤਾ ਆ ਜਾਂਦੀ ਹੈ। ਉਹਨਾਂ ਦੇ ਅੰਦਰ ਅਹੰਕਾਰ ਦਾ ਅਭਾਵ ਹੋ ਜਾਂਦਾ ਹੈ।

—ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ॥
ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ॥ (ਮਾਰੂ, ਮ: ੩—੧੦੪੭)

ਕਈ ਐਸੇ ਮਨੁੱਖ ਹਨ ਜਿਹੜੇ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ (ਮਾਇਆ ਦੇ ਹੱਲਿਆਂ ਵੱਲੋਂ) ਸੁਚੇਤ ਰਹਿੰਦੇ ਹਨ, ਕਈ ਐਸੇ ਮੰਦਭਾਗੀ ਹਨ ਜੋ ਸਦਾ ਮਾਇਆ ਦੇ ਮੋਹ ਵਿੱਚ ਗਾਫਿਲ ਪਏ ਰਹਿੰਦੇ ਹਨ।

**—ਮਨਮੁਖਿ ਦੁਬਿਧਾ ਸਦਾ ਹੈ ਰੋਗੀ, ਰੋਗੀ ਸਗਲ ਸੰਸਾਰਾ ॥**
**ਗੁਰਮੁਖਿ ਬੂਝਹਿ, ਰੋਗੁ ਗਵਾਵਹਿ ਗੁਰਸਬਦੀ ਵੀਚਾਰਾ ॥**

(ਭੈਰਉ, ਮ: ੩—੧੧੩੦)

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਸਦਾ ਮੇਰ-ਤੇਰ ਦੇ ਰੋਗ ਵਿਚ ਫਸਿਆ ਰਹਿੰਦਾ ਹੈ। ਮਨ ਦਾ ਮੁਰੀਦ ਸਾਰਾ ਜਗਤ ਹੀ ਇਸ ਰੋਗ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਪਰ ਗੁਰੂ ਦੇ ਸਨਮੁੱਖ ਰਹਿਣ ਵਾਲੇ ਮਨੁੱਖ ਸਹੀ ਜੀਵਨ-ਜੁਗਤਿ ਨੂੰ ਸਮਝ ਲੈਂਦੇ ਹਨ, ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਵਿਚਾਰ ਕਰਕੇ ਉਹ ਇਹ ਰੋਗ ਆਪਣੇ ਅੰਦਰੋਂ ਦੂਰ ਕਰ ਲੈਂਦੇ ਹਨ।

**—ਪੰਚ ਦੂਤ ਮੁਹਹਿ ਸੰਸਾਰਾ ॥**
**ਮਨਮੁਖ ਅੰਧੇ ਸੁਧਿ ਨ ਸਾਰਾ ॥**
**ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ,**
**ਪੰਚ ਦੂਤ ਸਬਦਿ ਪਚਾਵਣਿਆ ॥** (ਮਾਝ, ਮ: ੩—੧੧੩)

ਹੇ ਭਾਈ ! ਕਾਮਾਦਿਕ ਪੰਜ ਵੈਰੀ ਜਗਤ ਦੇ ਆਤਮਕ ਜੀਵਨ ਨੂੰ ਲੁੱਟ ਰਹੇ ਹਨ ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਤੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ ਨੂੰ ਨਾਂਹ ਅਕਲ ਹੈ ਨਾਂਹ ਇਸ ਲੁੱਟ ਦੀ ਖਬਰ ਹੈ। ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਉਹ ਆਪਣਾ ਘਰ ਬਚਾ ਲੈਂਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਟਿਕ ਕੇ ਇਹਨਾਂ ਪੰਜਾਂ ਵੈਰੀਆਂ ਦਾ ਨਾਸ ਕਰ ਲੈਂਦਾ ਹੈ।

**—ਅੰਤਰਿ ਅਗਨਿ ਸਬਲ ਅਤਿ ਬਿਖਿਆ,**
**ਹਿਵ ਸੀਤਲੁ ਸਬਦੁ ਗੁਰ ਦੀਜੈ ॥**
**ਤਨਿ ਮਨਿ ਸਾਂਤਿ ਹੋਇ ਅਧਿਕਾਈ,**
**ਰੋਗੁ ਕਾਟੈ ਸੂਖਿ ਸਵੀਜੈ ॥** (ਕਲਿਆਣ, ਮ: ੪—੧੩੨੬)

ਜੀਵਾਂ ਦੇ ਅੰਦਰ ਮਾਇਆ ਦੀ ਅੱਗ ਬਹੁਤ ਭੜਕ ਰਹੀ ਹੈ। ਬਰਫ ਵਰਗਾ ਗੁਰੂ ਦਾ ਠੰਢਾ ਠਾਰ ਸ਼ਬਦ ਦੇਹ ਤਾ ਕਿ ਤਨ ਵਿਚ, ਮਨ ਵਿਚ ਬਹੁਤ ਸ਼ਾਂਤੀ ਪੈਦਾ ਹੋ ਜਾਏ। ਗੁਰੂ ਦਾ ਸ਼ਬਦ, ਜੀਵਾਂ ਦਾ ਹਰੇਕ ਰੋਗ ਕੱਟ ਦਿੰਦਾ ਹੈ, ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਆਤਮਕ ਆਨੰਦ ਵਿਚ ਮਗਨ ਰਹਿ ਸਕੀਦਾ ਹੈ।

ਸ਼ਬਦ ਦੀ ਕਮਾਈ ਨਾਲ ਮਨੁੱਖ ਮਾਇਆ ਅਤੇ ਵਿਕਾਰਾਂ ਵਲੋਂ ਮਰ ਜਾਂਦਾ ਹੈ ਅਤੇ ਆਤਮਕ ਜੀਵਨ ਪ੍ਰਾਪਤ ਕਰਦਾ ਹੈ ਤੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ਜਿਹੜੇ ਮਨੁੱਖ ਸ਼ਬਦ ਦੀ ਅਗਵਾਈ ਵਿਚ ਨਹੀਂ ਚਲਦੇ, ਉਹ ਵਿਕਾਰਾਂ ਦੇ ਜਾਲ ਵਿਚ ਫਸ ਜਾਂਦੇ ਹਨ ਤੇ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

**—ਸਬਦਿ ਮਰੈ ਸੋ ਮਰਿ ਰਹੈ,**
**ਫਿਰਿ ਮਰੈ ਨ ਦੂਜੀ ਵਾਰ ॥**
**ਸਬਦੈ ਹੀ ਤੇ ਪਾਈਐ,**
**ਹਰਿਨਾਮੇ ਲਗੈ ਪਿਆਰੁ ॥**

ਬਿਨੁ ਸਬਦੇ ਜਗੁ ਭੂਲਾ ਫਿਰੈ,
ਮਰਿ ਜਨਮੈ ਵਾਰੋ ਵਾਰ ।। (ਸਿਰੀ ਰਾਗ, ਮ: ੧—੫੮)

—ਸਬਦਿ ਮਰੈ ਸੋਈ ਜਨੁ ਸਿਝੈ,
ਬਿਨੁ ਸਬਦੈ ਮੁਕਤਿ ਨ ਹੋਈ । (ਸਲੋਕ, ਵਾਰਾਂ ਤੇ ਵਧੀਕ, ਮ: ੩—੧੪੧੬)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਮਰਦਾ ਹੈ ਉਹ ਮਨੁੱਖ ਹੀ ਜ਼ਿੰਦਗੀ ਵਿਚ ਕਾਮਯਾਬ ਹੁੰਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨਾਂ ਵਿਕਾਰਾਂ ਤੋਂ ਖਲਾਸੀ ਨਹੀਂ ਹੁੰਦੀ।

—ਸਬਦਿ ਮਰੈ ਤਾਂ ਏਕ ਲਿਵ ਲਾਏ ।।
ਅਚਰੁ ਚਰੈ ਤਾਂ ਭਰਮੁ ਚੁਕਾਏ ।। (ਆਸਾ, ਮ: ੧—੪੧੨)

ਜੀਵ ਤਦੋਂ ਹੀ ਪਰਮਾਤਮਾ ਵਿਚ ਸੁਰਤਿ ਜੋੜ ਸਕਦਾ ਹੈ ਜਦੋਂ ਗੁਰੂ ਦੇ ਸ਼ਬਦ ਰਾਹੀਂ (ਮੋਹ ਵਲੋਂ) ਮਰ ਜਾਏ (ਮੋਹ ਦਾ ਪ੍ਰਭਾਵ ਆਪਣੇ ਉਪਰ ਨਾ ਪੈਣ ਦੇਵੇ) ਤਦੋਂ ਹੀ ਜੀਵਨ ਮਾਇਆ ਵਲ ਮਨ ਦੀ ਭਟਕਣ ਦੂਰ ਕਰ ਸਕਦਾ ਹੈ, ਜੇ ਗੁਰੂ ਦੇ ਸ਼ਬਦ ਰਾਹੀਂ ਕਾਮਾਦਿਕ ਪੰਜਾਂ ਦੇ ਨਾਹ ਮੁਕਾਏ ਜਾ ਸਕਣ ਵਾਲੇ ਟੋਲੇ ਦੇ ਪ੍ਰਭਾਵ ਨੂੰ ਮੁਕਾ ਦੇਵੇ।

—ਸਬਦਿ ਮਰਹੁ, ਫਿਰਿ ਜੀਵਹੁ ਸਦ ਹੀ ।।
ਤਾ ਫਿਰਿ ਮਰਣੁ ਨ ਹੋਈ ।।
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ, ਸਬਦੇ ਪਾਵੈ ਕੋਈ । (ਸੋਰਠਿ, ਮ: ੩—੬੦੪)

ਗੁਰੂ ਦੇ ਸ਼ਬਦ ਵਿਚ ਜੁੜ ਕੇ (ਵਿਕਾਰਾਂ ਵਲੋਂ) ਅਛੋਹ ਹੋ ਜਾਵੇ ਫਿਰ ਸਦਾ ਲਈ ਹੀ ਆਤਮਕ ਜੀਵਨ ਜੀਊਂਦੇ ਰਹੋਗੇ, ਫਿਰ ਕਦੇ ਆਤਮਕ ਮੌਤ ਨੇੜੇ ਨਹੀਂ ਢੁਕੇਗੀ ਜਿਹੜਾ ਭੀ ਮਨੁੱਖ ਗੁਰੂ ਦੇ ਸ਼ਬਦ ਦੇ ਰਾਹੀਂ ਹਰਿ ਨਾਮ ਪ੍ਰਾਪਤ ਕਰ ਲੈਂਦਾ ਹੈ, ਉਸਨੂੰ ਇਹ ਆਤਮਕ ਜੀਵਨ ਦੇਣ ਵਾਲਾ ਨਾਮ ਸਦਾ ਲਈ ਮਨ ਵਿਚ ਮਿੱਠਾ ਲੱਗਣ ਲਗ ਪੈਂਦਾ ਹੈ।

**(ਜ) ਸ਼ਬਦ ਦੁਆਰਾ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ :** ਸ਼ਬਦ ਦੀ ਕਮਾਈ ਨਾਲ ਜਿਥੇ ਜੀਵਨ ਵਿਚ ਮਨੁੱਖ ਵਿਕਾਰਾਂ ਦੀ ਮਾਰ ਤੋਂ ਬਚਿਆ (ਮੁਕਤ) ਰਹਿੰਦਾ ਹੈ, ਉਥੇ ਉਹ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦਾ ਅਤੇ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਗੁਰਮਤਿ ਵਿਚ ਇਸੇ ਨੂੰ ਮੁਕਤੀ ਆਖਿਆ ਗਿਆ ਹੈ। ਗੁਰਮਤਿ ਦਾ ਇਹ ਅੱਟਲ ਫੈਸਲਾ ਹੈ ਕਿ ਸ਼ਬਦ ਗੁਰੂ ਦੀ ਸ਼ਰਨ ਵਿਚ ਆਉਣ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ :—

—ਸਬਦੇ ਨਾਮੁ ਰਖੈ ਉਰਿ ਧਾਰਿ ।।
ਸਬਦੇ ਗਤਿ ਮਤਿ ਮੋਖ ਦੁਆਰੁ ।। (ਪ੍ਰਭਾਤੀ, ਮ: ੧—੧੩੪੨)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕਾ ਕੇ ਰਖਦਾ ਹੈ ਉਹ ਸ਼ਬਦ ਵਿਚ ਜੁੜ ਕੇ ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ। ਉਸਦੀ ਮਤਿ ਸੁੱਚਜੀ ਹੋ ਜਾਂਦੀ ਹੈ। ਉਹ ਮਾਇਆ ਦੇ ਮੋਹ ਤੋਂ ਖਲਾਸੀ ਪਾਣ ਦਾ ਰਸਤਾ ਲੱਭ ਲੈਂਦਾ ਹੈ।

—ਸਬਦਿ ਤਰੇ ਜਨ ਸਹਜਿ ਸੁਭਾਇ ।।
ਤਿਨ ਕੇ ਹਮ ਸਦ ਲਾਗਹ ਪਾਇ ।। (ਆਸਾ, ਮ: ੩—੩੬੧)

ਜਿਹੜੇ ਮਨੁੱਖ ਗੁਰੂ ਦੀ ਰਾਹੀਂ ਸਿਮਰਨ ਕਰਦੇ ਹਨ, ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ਉਹ ਆਤਮਕ ਅਡੋਲਤਾ ਵਿਚ ਟਿਕੇ ਰਹਿੰਦੇ ਹਨ, ਅਸੀਂ ਉਹਨਾਂ ਦੀ ਚਰਨੀਂ ਲਗਦੇ ਹਾਂ।

—ਇਹੁ ਭਵਜਲੁ ਜਗਤੁ, ਸਬਦਿ ਗੁਰ ਤਰੀਐ ।।
ਅੰਤਰ ਕੀ ਦੁਬਿਧਾ ਅੰਤਰਿ ਜਰੀਐ ।। (ਮਾਰੂ, ਮ: ੧—੧੦੪੨)

ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਮਨੁੱਖ ਦੀ ਅੰਦਰਲੀ ਅਸ਼ਾਂਤੀ ਅੰਦਰ ਹੀ ਮੁੜ ਜਾਂਦੀ ਹੈ।

—ਸਾਚੈ ਸਬਦਿ ਮੁਕਤਿ ਗਤਿ ਪਾਏ ।।
ਨਾਨਕ ਵਿਚਹੁ ਆਪੁ ਗਵਾਏ ।। (ਆਸਾ, ਮ: ੧—੩੫੨)

ਜੋ ਮਨੁੱਖ ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਅਟੱਲ ਆਤਮਕ ਜੀਵਨ ਦੇਣ ਵਾਲੀ ਸਿਫ਼ਤਿ ਸਲਾਹ ਦੀ ਬਾਣੀ ਉਚਾਰਦਾ ਹੈ ਉਹ ਮਨੁੱਖ ਇਸ ਸੱਚੀ ਬਾਣੀ ਦੀ ਰਾਹੀਂ ਵਿਕਾਰਾਂ ਤੋਂ ਖ਼ਲਾਸੀ ਹਾਸਲ ਕਰ ਲੈਂਦਾ ਹੈ, ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ, ਹੇ ਨਾਨਕ ! ਉਹ ਆਪਣੇ ਅੰਦਰੋਂ (ਆਪਣੀ ਸਿਆਣਪ ਦਾ) ਅੰਹਕਾਰ ਦੂਰ ਕਰ ਲੈਂਦਾ ਹੈ।

—ਗੁਰ ਕੈ ਸਬਦਿ ਜੋ ਮਰਿ ਜੀਵੈ,
ਸੋ ਪਾਏ ਮੋਖ ਦੁਆਰੁ ।। (ਰਾਮਕਲੀ, ਸਿਧ ਗੋਸਟਿ, ਮ: ੧—੯੪੨)

ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ (ਮਾਇਆ ਵਲੋਂ) ਮਰ ਕੇ ਜੀਊਂਦਾ ਹੈ ਉਹ ਹਉਮੈ ਤੋਂ ਖ਼ਲਾਸੀ ਦਾ ਰਾਹ ਲੱਭ ਲੈਂਦਾ ਹੈ।

—ਕਿਆ ਭਵੀਐ ਸਚਿ ਸੂਚਾ ਹੋਇ ।।
ਸਾਚ ਸਬਦ ਬਿਨੁ ਮੁਕਤਿ ਨ ਕੋਇ ।।
(ਰਾਮਕਲੀ, ਸਿਧ ਗੋਸਟਿ, ਮ: ੧—੯੩੮)

(ਹੇ ਚਰਪਟ ! ਦੇਸ਼ ਦੇਸ਼ਾਂਤਰਾਂ ਅਤੇ ਤੀਰਥਾਂ ਤੇ) ਭੌਣ ਦਾ ਕੀ ਲਾਭ ? ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਜੁੜਿਆਂ ਹੀ ਪਵਿੱਤਰ ਹੋਈਦਾ ਹੈ। ਸਤਿਗੁਰੂ ਦੇ ਸੱਚੇ ਸ਼ਬਦ ਤੋਂ ਬਿਨਾਂ ਖ਼ਲਾਸੀ ਨਹੀਂ ਹੁੰਦੀ।

**(ਹ) ਸ਼ਬਦ ਦੀ ਕਿਰਪਾ ਸਦਕਾ ਮੌਤ ਦਾ ਡਰ ਦੂਰ ਹੋ ਜਾਂਦਾ ਹੈ :** ਮੌਤ ਦਾ ਡਰ ਸਭ ਤੋਂ ਵੱਡਾ ਡਰ ਹੈ। ਇਹ ਮਨੁੱਖ ਨੂੰ ਆਦਿ ਕਾਲ ਤੋਂ ਸਤਾਉਂਦਾ ਰਿਹਾ ਹੈ। ਸਭ ਨੂੰ ਪਤਾ ਹੈ ਕਿ ਆਖ਼ਰ ਇਕ ਦਿਨ ਮਰ ਜਾਣਾ ਹੈ, ਪਰ ਵਿਰਲੇ ਹੀ ਹਨ, ਜੋ ਮੌਤ ਦਾ ਸਵਾਗਤ ਕਰਨ ਲਈ ਤਿਆਰ ਰਹਿੰਦੇ ਹਨ। ਆਮ ਆਦਮੀ ਤਾਂ ਇਹੀ ਚਾਹੁੰਦਾ ਹੈ ਕਿ ਮੌਤ ਆਵੇ ਹੀ ਨਾ। ਮੌਤ ਤੋਂ ਬਚਣ ਦੀ ਖ਼ਾਤਰ ਲੋਕ ਜਰਵਾਣਿਆਂ ਅੱਗੇ ਗੋਡੇ ਟੇਕਦੇ ਰਹੇ ਹਨ। ਮੌਤ ਤੋਂ ਡਰ ਕੇ ਹੀ ਲੋਕ ਵਿਦੇਸ਼ੀ ਹਮਲਾਵਰਾਂ ਦੀ ਗ਼ੁਲਾਮੀ ਪਰਵਾਨ ਕਰਦੇ ਰਹੇ ਹਨ। ਪਰ ਜਿਹੜੇ ਗੁਰੂ ਦੀ ਸ਼ਰਣ ਵਿਚ ਆ ਕੇ ਤਤ-ਗਿਆਨ ਦੀ ਪ੍ਰਾਪਤੀ ਕਰ ਲੈਂਦੇ ਹਨ, ਉਨ੍ਹਾਂ ਦੇ ਮਨ ਵਿਚੋਂ ਮੌਤ ਦਾ ਡਰ ਤੇ ਹੋਰ ਸਭ ਤਰ੍ਹਾਂ ਦੇ ਡਰ ਦੂਰ ਹੋ ਜਾਂਦੇ ਹਨ, ਕਿਉਂਕਿ ਉਹ ਨਿਰਭਉ ਅਕਾਲ ਪੁਰਖ ਨੂੰ ਅੰਗ-ਸੰਗ ਮਹਿਸੂਸ ਕਰਦੇ ਹਨ। ਉਹ ਜਾਣ ਜਾਂਦੇ ਹਨ ਕਿ ਜੀਵਨ ਚਾਰ ਦਿਨਾਂ ਦਾ ਹੈ ਤੇ ਮੌਤ ਇਕ ਅਟੱਲ ਸਚਾਈ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ, ਤਾਂ ਫਿਰ ਕਿਉਂ ਨਾ ਬਹਦਾਰਾਂ ਦੀ ਤਰ੍ਹਾਂ ਮਰੀਏ ? ਸਿੱਖ ਕੌਮ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸ਼ਬਦ-ਗੁਰੂ ਨੇ ਸਿੱਖਾਂ ਦੇ ਮਨ ਵਿਚ ਮੌਤ ਦਾ ਡਰ ਦੂਰ ਕਰ ਦਿੱਤਾ ਤੇ ਉਹ ਉੱਚੇ-ਸੁੱਚੇ ਆਦਰਸ਼ ਦੀ ਖ਼ਾਤਰ ਹੱਸ ਹੱਸ ਕੇ ਜਾਨਾਂ ਵਾਰਦੇ ਰਹੇ ਹਨ। ਛੋਟੀ ਜਿਹੀ ਕੌਮ ਨੇ ਸੰਸਾਰ ਦੀਆਂ ਕੌਮਾਂ ਵਿਚ ਸਭ ਤੋਂ ਵੱਧ ਸ਼ਹੀਦ ਪੈਦਾ ਕੀਤੇ ਹਨ। ਇਹ ਸ਼ਬਦ ਗੁਰੂ ਦੀ ਕਰਾਮਾਤ ਹੈ।

ਗੁਰਬਾਣੀ ਸਿੱਖਾਂ ਨੂੰ ਦ੍ਰਿੜ ਕਰਾਉਂਦੀ ਹੈ ਕਿ :—

—ਜੋ ਉਪਜੇ ਸੋ ਕਾਲਿ ਸੰਘਾਰਿਆ ।।
ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ।। (ਗਉੜੀ, ਮ: ੧—੨੨੭)

ਜਿਹੜਾ ਜਿਹੜਾ ਜੀਵਨ ਜਨਮ ਲੈਂਦਾ ਹੈ ਤੇ ਗੁਰੂ ਦਾ ਸ਼ਬਦ ਆਪਣੇ ਹਿਰਦੇ ਵਿਚ ਨਹੀਂ ਵਸਾਂਦਾ ਮੌਤ ਦੇ ਸਹਮ ਨੇ ਉਸ ਉਸ ਦਾ ਆਤਮਕ ਜੀਵਨ ਪਲਰਨ ਨਹੀਂ ਦਿੱਤਾ। ਮੇਰੇ ਆਤਮਕ ਜੀਵਨ ਨੂੰ ਪਰਮਾਤਮਾ ਨੇ ਆਪ ਬਚਾ ਲਿਆ (ਕਿਉਂਕਿ ਉਸਦੀ ਮਿਹਰ ਨਾਲ) ਮੈਂ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ।

—ਤਾ ਕਉ ਕਾਲੁ ਨਾਹੀ ਜਮੁ ਜੋਹੈ,
ਬੂਝਹਿ ਅੰਤਰਿ ਸਬਦੁ ਬੀਚਾਰ ।। (ਗੁਜਰੀ, ਮ: ੧—੫੦੪)

ਜਿਹੜੇ ਬੰਦੇ ਆਪਣੇ ਸੋਚ ਮੰਡਲ ਵਿਚ ਮਾਇਕ ਪਦਾਰਥਾਂ ਦੀ ਮੰਗ ਦੀ ਥਾਂ ਗੁਰੂ ਦੇ ਸ਼ਬਦ ਨੂੰ ਸਮਝਦੇ ਹਨ, ਆਤਮਕ ਮੌਤ ਉਹਨਾਂ ਦੇ ਨੇੜੇ ਨਹੀਂ ਢੁਕ ਸਕਦੀ।

—ਗੁਰ ਸਬਦੁ ਕਮਾਵਹਿ ਜਨਮਿ ਨਾ ਆਵਹਿ,
ਤਿਨਾ ਹਰਿ ਪ੍ਰਭੁ ਬੇਲੀਆ ।। (ਤੁਖਾਰੀ, ਮ: ੧—੧੧੧੦)

ਜਿਹੜੇ ਮਨੁੱਖ ਗੁਰ ਦੇ ਸ਼ਬਦ ਅਨੁਸਾਰ ਜੀਵਨ ਬਤੀਤ ਕਰਦੇ ਹਨ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ। ਵਿਕਾਰਾਂ ਤੋਂ ਬਚਣ ਲਈ ਪਰਮਾਤਮਾ ਆਪ ਉਹਨਾਂ ਦਾ ਮਦਦਗਾਰ ਬਣਿਆ ਰਹਿੰਦਾ ਹੈ।

—ਜਬ ਲਗੁ ਸਬਦ ਭੇਦੁ ਨਹੀ ਆਇਆ,
ਤਬ ਲਗੁ ਕਾਲੁ ਸੰਤਾਏ ।। (ਭੈਰਉ, ਮ: ੩—੧੧੨੬)
—ਜਨਮ ਮਰਨ ਕਾ ਦੁਖੁ ਗਇਆ,
ਜਨ ਨਾਨਕ ਸਬਦੁ ਬੀਚਾਰਿ ।। (ਸਲੋਕ, ਵਾਰਾਂ ਤੇ ਵਧੀਕ, ਮ: ੩—੧੪੧੮)

ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾ ਲਿਆ ਹੈ ਉਹਨਾਂ ਦਾ ਜਨਮ ਮਰਨ (ਦੇ ਗੇੜ) ਦਾ ਦੁੱਖ ਦੂਰ ਹੋ ਗਿਆ।

**(ਕ) ਸ਼ਬਦ—ਵੀਚਾਰ ਦੀਆਂ ਹੋਰ ਬਰਕਤਾਂ :** ਉਪਰ ਸ਼ਬਦ-ਵੀਚਾਰ ਦੀਆਂ ਕੁਝ ਖ਼ਾਸ ਬਰਕਤਾਂ ਦਾ ਹੀ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਤੋਂ ਸਿਵਾ ਅਨੇਕਾਂ ਹੋਰ ਬਰਕਤਾਂ ਹਨ ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਕੀਤਾ ਗਿਆ ਹੈ, ਜਿਵੇਂ—ਸ਼ਬਦ-ਵੀਚਾਰ ਦੁਆਰਾ ਭੈੜੀ ਮੱਤ ਨਾਸ਼ ਹੁੰਦੀ ਹੈ। ਮਨ ਤੇ ਕਾਬੂ ਹੋ ਜਾਂਦਾ ਹੈ, ਉੱਚੀ-ਨੀਵੀਂ ਜ਼ਾਤ ਦੇ ਵਿਤਕਰੇ ਮੁੱਕ ਜਾਂਦੇ ਹਨ, ਅਨੰਦ ਅਥਵਾ ਖੇੜੇ ਦੀ ਪ੍ਰਾਪਤੀ ਹੁੰਦੀ ਹੈ, ਜੀਵਨ ਸਫਲਾ ਹੁੰਦਾ ਹੈ—ਆਦਿ :—

—ਕੁਬੁਧਿ ਮਿਟੈ, ਗੁਰ ਸਬਦੁ ਬੀਚਾਰਿ ।।
ਸਤਿਗੁਰੁ ਭੇਟੈ ਮੋਖ ਦੁਆਰ ।। (ਰਾਮਕਲੀ, ਮ: ੧, ਸਿਧ ਗੋਸਟਿ—੯੪੪)

ਸਤਿਗੁਰੂ ਦਾ ਸ਼ਬਦ ਵੀਚਾਰਿਆਂ ਭੈੜੀ ਮੱਤ ਦੂਰ ਹੁੰਦੀ ਹੈ। ਜਦੋਂ ਗੁਰੂ ਮਿਲ ਪੈਂਦਾ ਹੈ ਤਦੋਂ ਇਸ ਭੈੜੀ ਮੱਤ ਤੋਂ ਖ਼ਲਾਸੀ ਦਾ ਰਾਹ ਲੱਭ ਪੈਂਦਾ ਹੈ।

ਇਸੁ ਮਨ ਕੀ ਬਿਧਿ ਮਨ ਹੂ ਜਾਣੈ,
ਬੂਝੈ ਸਬਦਿ ਵੀਚਾਰਿ ।। (ਮਲਾਰ, ਮ: ੩—੧੨੬੦)

ਜਦੋਂ ਮਨੁੱਖ ਗੁਰੂ ਸ਼ਬਦ ਦੀ ਰਾਹੀਂ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਕੇ ਸਹੀ ਜੀਵਨ ਰਾਹ ਨੂੰ ਸਮਝਦਾ ਹੈ ਤਾਂ ਉਹ ਆਪਣੇ ਅੰਦਰੋਂ ਹੀ ਇਸ ਮਨ ਨੂੰ ਵੱਸ ਵਿਚ ਰੱਖਣ ਦੀ ਜਾਚ ਸਿੱਖ ਲੈਂਦਾ ਹੈ।

**—ਜਾਤਿ ਬਰਨ ਕੁਲ ਸਹਸਾ ਚੂਕਾ,**
**ਗੁਰਮਤਿ ਸਬਦਿ ਬੀਚਾਰੀ॥** (ਸਾਰਗ, ਮ: ੧—੧੧੯੮)
**—ਸਦਾ ਬਸੰਤੁ ਗੁਰ ਸਬਦੁ ਵੀਚਾਰੇ॥**
**ਰਾਮ ਨਾਮੁ ਰਾਖੈ ਉਰਧਾਰੇ॥** (ਬਸੰਤੁ, ਮ: ੩—੧੧੭੬)
**—ਸਾਵਣਿ ਸਰਸੀ ਕਾਮਣੀ, ਗੁਰ ਸਬਦੀ ਵੀਚਾਰਿ॥**
**ਨਾਨਕ ਸਦਾ ਸੁਹਾਗਣੀ, ਗੁਰ ਕੈ ਹੇਤਿ ਅਪਾਰਿ॥** (ਸਲੋਕ, ਮ: 3—1285)

ਜਿਵੇਂ ਸਾਵਣ ਦੇ ਮਹੀਨੇ ਵਰਖਾ ਨਾਲ ਸਾਰੇ ਬੂਟੇ ਹਰੇ ਹੋ ਜਾਂਦੇ ਹਨ ; ਤਿਵੇਂ ਜੀਵ ਇਸਤਰੀ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਨਾਮ ਦੀ ਵੀਚਾਰ ਕਰਕੇ ਰਸ ਵਾਲੀ ਹੋ ਜਾਂਦੀ ਹੈ। ਹੇ ਨਾਨਕ ! ਸਤਿਗੁਰੂ ਨਾਲ ਅਪਾਰ ਪਿਆਰ ਕੀਤਿਆਂ ਜੀਵ ਇਸਤਰੀ ਸਦਾ ਸੁਹਾਗਵਤੀ ਰਹਿੰਦੀ ਹੈ।

**—ਹਉਮੈ ਚਉਪੜਿ ਖੇਲਣਾ, ਝੂਠੇ ਅਹੰਕਾਰਾ॥**
**ਸਭੁ ਜਗੁ ਹਾਰੇ, ਸੋ ਜਿਣੈ, ਗੁਰ ਸਬਦੁ ਵੀਚਾਰਾ॥** (ਆਸਾ, ਮ: ੧—੪੨੨)

ਹਉਮੈ ਦੀ ਚਉਪੜ ਜਗਤ ਝੂਠ ਤੇ ਅੰਹਕਾਰ ਦੀਆਂ ਨਰਦਾਂ ਨਾਲ ਖੇਡ ਰਿਹਾ ਹੈ। ਇਸ ਖੇਡ ਵਿਚ ਲਗੱ ਕੇ ਸਾਰਾ ਸੰਸਾਰ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਰਿਹਾ ਹੈ ਸਿਰਫ਼ ਉਹ ਮਨੁੱਖ ਜਿੱਤਦਾ ਹੈ ਜੋ ਗੁਰੂ ਦੇ ਸ਼ਬਦ ਨੂੰ ਆਪਣੇ ਵਿਚਾਰ ਮੰਡਲ ਵਿਚ ਟਿਕਾਂਦਾ ਹੈ।

ਸ਼ਬਦ-ਵੀਚਾਰ ਸਰਵੋਤਮ ਕਰਮ ਹੈ। ਇਸ ਲਈ ਸ਼ਬਦ ਦੀ ਵੀਚਾਰ ਕਰਨ ਵਾਲੇ ਮਨੁੱਖ ਸੱਚੇ (ਪ੍ਰਭੂ ਵਾਲੇ), ਗੁਰਮੁਖ ਅਤੇ ਅਸਲੀ-ਵਿਦਵਾਨ ਹਨ :—

**—ਸਬਦੁ ਬੀਚਾਰੇ ਸੋ ਜਨੁ ਸਾਚਾ,**
**ਜਿਨ ਕੈ ਹਿਰਦੈ ਸਾਚਾ ਸੋਈ॥** (ਭੈਰਉ, ਮ: ੩—੧੧੩੧)
**—ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ॥**
**ਇਹ ਬਾਣੀ ਮਹਾਪੁਰਖ ਕੀ, ਨਿਜ ਘਰਿ ਵਾਸਾ ਹੋਇ॥**
(ਰਾਮਕਲੀ, ਮ: ੧. ਦਖਣੀ, ਓਅੰਕਾਰ—੯੩੫)

ਕੋਈ ਵਿਰਲਾ ਗੁਰਮੁਖ ਸਤਿਗੁਰੂ ਦੀ ਬਾਣੀ ਵਿਚਾਰਦਾ ਹੇ, ਇਹ ਬਾਣੀ ਸਤਿਗੁਰੂ ਦੀ ਐਸੀ ਹੈ ਕਿ ਇਸਦੀ ਵਿਚਾਰ ਨਾਲ ਮਨੁੱਖ ਸਵੈ-ਸਰੂਪ ਵਿਚ ਟਿਕ ਜਾਂਦਾ ਹੈ।

**—ਸੋ ਪੜਿਆ ਸੋ ਪੰਡਿਤੁ ਬੀਨਾ,**
**ਗੁਰ ਸਬਦਿ ਕਰੇ ਵੀਚਾਰੁ॥**
**ਅੰਦਰੁ ਖੋਜੈ ਤਤੁ ਲਹੈ, ਪਾਏ ਮੋਖ ਦੁਆਰੁ॥**
(ਰਾਗ ਸੋਰਠਿ, ਵਾਰ, ਸਲੋਕੁ, ਮ: ੩—੬੫੦)

ਉਹ ਮਨੁੱਖ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਹੈ (ਭਾਵ, ਉਸ ਮਨੁੱਖ ਨੂੰ ਪੰਡਿਤ ਸਮਝੋ), ਜੋ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਦਾ ਹੈ, ਜੋ ਆਪਣੇ ਮਨ ਨੂੰ ਖੋਜਦਾ ਹੈ। ਅੰਦਰੋਂ ਹਰੀ ਨੂੰ ਲੱਭ ਲੈਂਦਾ ਹੈ ਤੇ ਤ੍ਰਿਸ਼ਨਾ ਤੋਂ ਬਚਣ ਲਈ ਰਸਤਾ ਲੱਭ ਲੈਂਦਾ ਹੈ।

# ਸ਼ਬਦ-ਵੀਚਾਰ ਤੋਂ ਵਾਂਝੇ ਮਨੁੱਖਾਂ ਦੀ ਦਸ਼ਾ

ਸ਼ਬਦ ਵੀਚਾਰ ਦੁਆਰਾ ਹੀ ਜੀਵਨ ਦੇ ਸੱਚ ਦਾ ਪਤਾ ਲੱਗਦਾ ਹੈ ਅਤੇ ਜੀਵਨ-ਜੁਗਤੀ ਦੀ ਸਮਝ ਪੈਂਦੀ ਹੈ। ਸ਼ਬਦ ਦੀ ਕਿਰਪਾ ਨਾਲ ਮਨੁੱਖ ਸੰਸਾਰ ਰੂਪੀ ਭਵ-ਸਾਗਰ ਨੂੰ ਪਾਰ ਕਰ ਲੈਂਦਾ ਹੈ, ਭਾਵ ਜੀਵਨ ਸਫਲ ਕਰ ਲੈਂਦਾ ਹੈ। ਸ਼ਬਦ ਦੁਆਰਾ ਮਨੁੱਖ ਪ੍ਰਭੂ ਨਾਲ ਜੁੜਦਾ ਹੈ—ਉਸਨੂੰ ਪ੍ਰਭੂ ਪ੍ਰਾਪਤੀ ਦੇ ਮਾਰਗ ਦੀ ਸੋਝੀ ਹੁੰਦੀ ਹੈ ਅਤੇ ਸ਼ਬਦ ਦੀ ਅਗਵਾਈ ਵਿੱਚ ਚਲ ਕੇ ਉਹ ਪ੍ਰਭੂ ਵਿੱਚ ਸਮਾ ਜਾਂਦਾ ਹੈ ਅਤੇ ਉਸ ਦਾ ਜਨਮ-ਮਰਨ ਦਾ ਗੇੜ ਸਮਾਪਤ ਹੋ ਜਾਂਦਾ ਹੈ।

**ਜਿਹੜੇ ਮਨੁੱਖ ਸ਼ਬਦ ਦੀ ਵੀਚਾਰ ਨਹੀਂ ਕਰਦੇ ਅਥਵਾ ਗੁਰੂ ਦੀ ਸਿੱਖਿਆ ਜਾਂ ਉਪਦੇਸ਼ਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਉਹ ਮਨਮੁੱਖ ਹਨ।** ਮਨ ਦੇ ਪਿੱਛੇ ਲੱਗ ਕੇ ਉਹ ਇਹ ਜੀਵਨ ਵੀ ਅਜਾਈ ਗੁਆ ਲੈਂਦੇ ਹਨ ਅਤੇ ਪ੍ਰਭੂ-ਮਿਲਾਪ ਤੋਂ ਵੀ ਸੱਖਣੇ ਰਹਿੰਦੇ ਹਨ। ਉਨ੍ਹਾਂ ਨੂੰ ਮੌਤ ਦਾ ਡਰ ਸਤਾਈ ਰੱਖਦਾ ਹੈ ਅਤੇ ਉਹ ਜਨਮ ਮਰਨ ਦੇ ਗੇੜ ਵਿੱਚ ਪਏ ਰਹਿੰਦੇ ਹਨ। ਇਸ ਜੀਵਨ ਵਿੱਚ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਅਤੇ ਮਾਇਆ ਦੇ ਪ੍ਰਭਾਵ ਕਾਰਨ ਜੀਵਨ-ਨਿਸ਼ਾਨੇ (ਪ੍ਰਭੂ-ਪ੍ਰਾਪਤੀ) ਤੋਂ ਖੁੰਝ ਜਾਂਦੇ ਹਨ, ਦੁਖੀ ਅਤੇ ਖੁਆਰ ਹੁੰਦੇ ਹਨ। ਅਜਿਹੇ ਮਨੁੱਖ ਜੀਵਨ ਭਰ ਹਨੇਰੇ (ਅਗਿਆਨ) ਵਿੱਚ ਟੱਕਰਾਂ ਖਾਂਦੇ ਰਹਿੰਦੇ ਹਨ, ਇਸ ਲਈ ਗੁਰਬਾਣੀ ਵਿੱਚ ਇਨ੍ਹਾਂ ਨੂੰ **'ਅੰਨੇ ਬੋਲੇ', 'ਗੰਦਗੀ ਦੇ ਕੀੜੇ', 'ਮੂਰਖ', 'ਗੰਵਾਰ'** ਅਤੇ **'ਪਸ਼ੂ'** ਆਖਿਆ ਗਿਆ ਹੈ—

**—ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ,**
**ਜਿਚਰੁ ਸਬਦਿ ਨ ਕਰੇ ਵੀਚਾਰੁ॥** (ਵਡਹੰਸ ਕੀ ਵਾਰ, ਸਲੋਕ ਮ: ੩—੫੮੮)

**ਹੇ ਨਾਨਕ !** ਜਦ ਤੱਕ ਗੁਰੂ ਦੇ ਸ਼ਬਦ ਦੇ ਰਾਹੀਂ ਮਨੁੱਖ ਪ੍ਰਭੂ ਦੀ ਵਿਚਾਰ ਨਾਂਹ ਕਰੇ ਤਦ ਤੱਕ ਨਾਮ ਨਹੀਂ ਮਿਲਦਾ ਤੇ ਨਾਮ ਤੋਂ ਬਿਨਾਂ ਕਿਸੇ ਦਾ ਵੀ ਡਰ ਨਹੀਂ ਮੁਕਦਾ (ਇਹ ਡਰ ਤੇ ਸਹਿਮ ਹੀ ਮੁੜ ਮੁੜ ਤ੍ਰਿਸ਼ਨਾ ਦੇ ਅਧੀਨ ਕਰਦਾ ਹੈ)।

**—ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ,**
**ਇਹੁ ਮਨਮੁਖ ਕਾ ਆਚਾਰੁ॥** (ਗੂਜਰੀ ਕੀ ਵਾਰ, ਮ: ੩—੫੦੯)

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦਿਆਂ ਦੀ ਰਹਿਣੀ ਇਹ ਹੈ ਕਿ ਉਹ ਕਦੇ ਗੁਰ ਸ਼ਬਦ ਨਹੀਂ ਵੀਚਾਰਦੇ।

**—ਨ ਸਬਦੁ ਬੂਝੈ, ਨ ਜਾਣੈ ਬਾਣੀ॥**
**ਮਨਮੁਖਿ ਅੰਧੇ ਦੁਖਿ ਵਿਹਾਣੀ॥** (ਧਨਾਸਰੀ, ਮ: ੩—੬੬੫)

ਜਿਹੜਾ ਮਨੁੱਖ ਨਾ ਗੁਰੂ ਦੇ ਸ਼ਬਦ ਨੂੰ ਸਮਝਦਾ ਹੈ, ਨਾ ਗੁਰੂ ਦੀ ਬਾਣੀ ਨਾਲ ਡੂੰਘੀ ਸਾਂਝ ਪਾਉਂਦਾ ਹੈ, ਮਾਇਆ ਦੇ ਮੋਹ ਵਿੱਚ ਅੰਨ੍ਹੇ ਹੋ ਚੁੱਕੇ, ਤੇ, ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਉਸ ਮਨੁੱਖ ਦੀ ਉਮਰ ਦੁੱਖ ਵਿੱਚ ਹੀ ਗੁਜ਼ਰਦੀ ਹੈ।

**—ਸੇ ਮਨਮੁਖ, ਜੋ ਸਬਦੁ ਨ ਪਛਾਣਹਿ॥**

**ਗੁਰ ਕੇ ਭੈ ਕੀ ਸਾਰ ਨ ਜਾਣਹਿ ॥** (ਮਾਰੂ, ਮ: ੩—੧੦੫੪)

ਜਿਹੜੇ ਮਨੁੱਖ ਗੁਰੂ ਦੇ ਸ਼ਬਦ ਨਾਲ ਸਾਂਝ ਨਹੀਂ ਪਾਉਂਦੇ, ਉਹ ਆਪਣੇ ਮਨ ਦੇ ਪਿੱਛੇ ਤੁਰਨ ਲੱਗ ਪੈਂਦੇ ਹਨ, ਉਹ ਮਨੁੱਖ ਗੁਰੂ ਦੇ ਡਰ ਅਦਬ ਦੀ ਕਦਰ ਨਹੀਂ ਜਾਣਦੇ।

**— ਗੁਰ ਕਾ ਸਬਦੁ ਨ ਚੀਨਿਓ,**
**ਫਿਰਿ ਫਿਰਿ ਜੋਨੀ ਪਾਇ ॥** (ਗਉੜੀ ਬੈਰਾਗਣਿ, ਮ: ੩—੧੬੨)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਕਦਰ ਨੂੰ ਨਹੀਂ ਸਮਝਦਾ ਉਹ ਮੁੜ ਮੁੜ ਜੂਨਾਂ ਵਿੱਚ ਪੈਂਦਾ ਹੈ।

**— ਸਾਕਤ ਨਰਿ, ਸਬਦਿ ਸੁਰਤਿ ਕਿਉ ਪਾਈਐ ॥**
**ਸਬਦ ਸੁਰਤਿ ਬਿਨੁ, ਆਈਐ ਜਾਈਐ ॥** (ਮਾਰੂ, ਮ:੧—੧੦੪੨)

ਸ਼ਬਦ ਦੀ ਲਗਨ ਤੋਂ ਬਿਨਾਂ (ਮਾਇਆ ਦੇ ਮੋਹ ਵਿੱਚ ਫਸ ਕੇ) ਉਹ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ।

**—ਪੰਚ ਦੂਤ ਕਾਇਆ ਸੰਘਾਰਹਿ ॥**
**ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥** (ਮਾਰੂ ਸੋਲਹੇ, ਮ: ੩—੧੦੪੫)

ਜਿਹੜੇ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਮਨ ਵਿੱਚ ਨਹੀਂ ਵਸਾਉਂਦੇ, ਕਾਮਾਦਿਕ ਪੰਜੇ ਵੈਰੀ ਉਹਨਾਂ ਦੇ ਸਰੀਰ ਨੂੰ ਗਾਲਦੇ ਰਹਿੰਦੇ ਹਨ ; ਉਹ ਜਨਮ ਮਰਨ ਦੇ ਗੇੜ ਵਿੱਚ ਪਏ ਰਹਿੰਦੇ ਹਨ।

**—ਸਬਦੁ ਨ ਜਾਣਹਿ ਸੇ ਅੰਨੇ ਬੋਲੇ,**
**ਸੇ ਕਿਤੁ ਆਏ ਸੰਸਾਰਾ ॥**
**ਹਰਿ ਰਸੁ ਨ ਪਾਇਆ, ਬਿਰਥਾ ਜਨਮੁ ਗਵਾਇਆ,**
**ਜੰਮਹਿ ਵਾਰੋ ਵਾਰਾ ॥**
**ਬਿਸਟਾ ਕੇ ਕੀੜੇ, ਬਿਸਟਾ ਮਾਹਿ ਸਮਾਣੇ,**
**ਮਨਮੁਖ ਮੁਗਧ ਗੁਬਾਰਾ ॥** (ਸੋਰਠਿ, ਮ: ੩—੬੦੧)

ਜਿਹੜੇ ਮਨੁੱਖ ਗੁਰੂ ਦੇ ਸ਼ਬਦ ਨਾਲ ਸਾਂਝ ਨਹੀਂ ਪਾਉਂਦੇ ਉਹ ਮਾਇਆ ਦੇ ਮੋਹ ਵਿੱਚ ਆਤਮਿਕ ਜੀਵਨ ਵੱਲੋਂ ਅੰਨ੍ਹੇ ਬੋਲੇ ਹੋਏ ਰਹਿੰਦੇ ਹਨ, ਸੰਸਾਰ ਵਿੱਚ ਆ ਕੇ ਉਹ ਕੁਝ ਨਹੀਂ ਖਟਦੇ। ਉਹਨਾਂ ਨੂੰ ਪ੍ਰਭੂ ਦੇ ਨਾਮ ਦਾ ਸੁਆਦ ਨਹੀਂ ਆਉਂਦਾ, ਉਹ ਆਪਣਾ ਜੀਵਨ ਵਿਅਰਥ ਗੁਆ ਜਾਂਦੇ ਹਨ, ਉਹ ਮੁੜ-ਮੁੜ ਜੰਮਦੇ ਮਰਦੇ ਰਹਿੰਦੇ ਹਨ। ਜਿਵੇਂ ਗੰਦ ਦੇ ਕੀੜੇ ਗੰਦ ਵਿੱਚ ਹੀ ਟਿਕੇ ਰਹਿੰਦੇ ਹਨ ਤਿਵੇਂ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮੂਰਖ ਅਗਿਆਨਤਾ ਦੇ ਹਨੇਰੇ ਵਿੱਚ ਹੀ ਮਸਤ ਰਹਿੰਦੇ ਹਨ।

**— ਜਿਨਾ ਸਤਿਗੁਰੁ ਪੁਰਖੁ ਨ ਸੇਵਿਓ,**
**ਸਬਦਿ ਨ ਕੀਤੋ ਵੀਚਾਰੁ ॥**
**ਓਇ ਮਾਣਸੁ ਜੂਨਿ ਨ ਆਖੀਅਨਿ,**
**ਪਸੂ ਢੋਰ ਗਾਵਾਰ ॥** (ਸਲੋਕ ਵਾਰਾਂ ਤੇ ਵਧੀਕ ਮ: ੩—੧੪੧੮)

ਜਿਨ੍ਹਾਂ ਮਨੁੱਖਾਂ ਨੇ ਗੁਰੂ ਮਹਾਂਪੁਰਖ ਦੀ ਸ਼ਰਨ ਨਹੀਂ ਫੜੀ, ਜਿਨ੍ਹਾਂ ਨੇ ਗੁਰ ਦੇ ਸ਼ਬਦ ਵਿੱਚ ਆਪਣਾ ਮਨ ਨਹੀਂ ਜੋੜਿਆ, ਉਹ ਬੰਦੇ ਮਨੁੱਖਾ ਜੂਨ ਵਿੱਚ ਆਏ ਨਹੀਂ ਕਹੇ ਜਾ ਸਕਦੇ। ਉਹ ਤਾਂ ਪਸ਼ੂ ਹਨ, ਉਹ ਤਾਂ ਮਰੇ ਹੋਏ ਪਸ਼ੂ ਹਨ, ਉਹ ਮਹਾਂਮੂਰਖ ਹਨ।

## ਸਮੁੱਚੀ ਵੀਚਾਰ ਦਾ ਸਾਰ

ਅਸਾਂ ਗੁਰਬਾਣੀ ਵਿੱਚੋਂ ਕੁਝ ਵੀਚਾਰ ਹੀ ਦਿੱਤੇ ਹਨ ਜਿਨ੍ਹਾਂ ਤੋਂ ਸ਼ਬਦ ਵੀਚਾਰ ਦੀ ਲੋੜ ਅਤੇ ਇਸ ਦੀਆਂ ਬਰਕਤਾਂ ਦਾ ਪਤਾ ਲਗਦਾ ਹੈ। ਸਮੁੱਚੀ ਬਾਣੀ ਵਿੱਚ ਇਹ ਵੀਚਾਰ ਮੁੜ-ਮੁੜ ਕੇ ਦੁਹਰਾਏ ਗਏ ਹਨ, ਜਿਹੜੇ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਕਿ ਸ਼ਬਦ ਦੀ ਵੀਚਾਰ ਦੁਆਰਾ ਹੀ ਸਿੱਖੀ ਦਾ ਪਤਾ ਲਗਦਾ ਹੈ। ਜੋ ਸ਼ਬਦ ਲੜ ਲਗਦੇ ਹਨ ਉਹ ਗੁਰੂ ਦੀ ਅਗਵਾਈ ਪ੍ਰਾਪਤ ਕਰ ਲੈਂਦੇ ਹਨ। ਦੂਸਰਾ ਕਦਮ ਹੈ ਸ਼ਬਦ-ਦਰਸਾਏ ਮਾਰਗ 'ਤੇ ਚਲਣਾ ਅਥਵਾ ਸ਼ਬਦ ਦੀ ਕਮਾਈ ਕਰਨਾ, ਜਿਸ ਨਾਲ ਮਨੁੱਖ **'ਗੁਰਮੁਖ'** ਬਣ ਜਾਂਦਾ ਹੈ। ਜਿਹੜੇ ਮਨੁੱਖ ਸ਼ਬਦ ਦੇ ਲੜ ਨਹੀਂ ਲਗਦੇ, ਉਹ **'ਮਨਮੁਖ'** ਹਨ ਅਤੇ **'ਨਿਗੁਰੇ'** ਹਨ।

**'ਸ਼ਬਦ-ਵੀਚਾਰ'** ਦੁਆਰਾ ਮਨੁੱਖ ਦੇ ਹਿਰਦੇ ਵਿੱਚ **ਸੱਚੇ-ਗਿਆਨ** ਦਾ ਪ੍ਰਕਾਸ਼ ਹੁੰਦਾ ਹੈ ਅਤੇ ਵਹਿਮਾਂ, ਭਰਮਾਂ, ਪਖੰਡਾਂ, ਮਨਮਤਿ ਆਦਿ ਦਾ ਹਨੇਰਾ ਦੂਰ ਹੋ ਜਾਂਦਾ ਹੈ। ਜੀਵਨ ਦੇ ਸੱਚ ਦਾ ਪਤਾ ਲਗਦਾ ਹੈ ਤੇ ਪ੍ਰਭੂ ਦੇ ਦਰ ਦੀ ਸੋਝੀ ਹੁੰਦੀ ਹੈ। ਇੰਝ ਸ਼ਬਦ ਗੁਰੂ ਦੀ ਸ਼ਰਨ ਵਿੱਚ ਆਕੇ ਮਨੁੱਖ ਆਪਣਾ **'ਲੋਕ'** ਤੇ **'ਪ੍ਰਲੋਕ'** ਦੋਵੇਂ ਸੰਵਾਰ ਲੈਂਦੇ ਹਨ।

**ਸ਼ਬਦ ਵੀਚਾਰ ਤੋਂ ਭਾਵ ਹੈ** ਗੁਰਬਾਣੀ ਦੇ ਅਰਥਾਂ ਤੇ ਇਸ ਦੇ ਗੂਹੜ ਭਾਵਾਂ ਤੋਂ ਜਾਣੂੰ ਹੋਣਾ, ਗੁਰਮਤਿ-ਸਿਧਾਂਤਾਂ/ ਗੁਰ-ਉਪਦੇਸ਼ਾਂ/ ਗੁਰ-ਸਿਖਿਆਵਾਂ ਦੀ ਜਾਣਕਾਰੀ ਹੋਣਾ। ਗੁਰਬਾਣੀ ਦੇ ਪਾਠ ਜਾਂ ਕੀਰਤਨ ਦਾ ਸਹੀ ਫਲ ਪ੍ਰਾਪਤ ਕਰਨ ਲਈ ਅਰਥਾਂ ਦੀ ਸੋਝੀ ਹੋਣੀ ਜ਼ਰੂਰੀ ਹੈ। ਕਿਉਂਕਿ 'ਗਾਵਿਆ-ਸੁਣਿਆ' ਪ੍ਰਭੂ ਉਨ੍ਹਾਂ ਦਾ ਹੀ ਥਾਂ ਪਾਉਂਦਾ ਹੈ **'ਜਿਨ ਸਤਿਗੁਰ ਕੀ ਆਗਿਆ ਸਤਿ-ਸਤਿ ਕਰ ਮਾਨੀ।'** ਸਤਿਗੁਰ ਕੀ ਆਗਿਆ ਨੂੰ ਤਾਂ ਹੀ ਮੰਨਿਆ ਜਾ ਸਕਦਾ ਹੈ ਜੇ ਉਸ ਦੀ ਸਮਝ ਹੋਵੇ। ਆਗਿਆ ਦੀ ਸਮਝ ਲਈ ਗੁਰਬਾਣੀ ਦੇ ਅਰਥਾਂ ਅਤੇ ਵੀਚਾਰ ਸਹਿਤ ਪਾਠ ਦੀ ਲੋੜ ਹੈ।

ਗੁਰਬਾਣੀ ਦੇ ਅਰਥਾਂ ਲਈ ਕਵਿਤਾ ਦੇ ਭੇਦਾਂ, ਰਸਾਂ ਤੇ ਅਲੰਕਾਰਾਂ ਦੀ ਸੂਝ ਹੋਣ ਦੇ ਨਾਲ-ਨਾਲ ਪੰਜਾਬੀ ਬੋਲੀ, ਇਸ ਦੇ ਮੁਹਾਵਰੇ, ਸ਼ਬਦ-ਕੋਸ਼, ਗੁਰਮਤਿ-ਵੀਚਾਰਧਾਰਾ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਹੋਣਾ ਲਾਜ਼ਮੀ ਹੈ। ਸੋ, ਇਹ ਕੰਮ ਉਨ੍ਹਾਂ ਵਿਦਵਾਨਾਂ ਦਾ ਹੈ ਜਿਹੜੇ ਸਾਹਿਤ ਅਤੇ ਅਧਿਆਤਮਕ ਵਿਦਿਆ ਤੇ ਸਿੱਖੀ-ਵੀਚਾਰਧਾਰਾ ਦੀ ਪੂਰੀ-ਪੂਰੀ ਜਾਣਕਾਰੀ ਰਖਦੇ ਹੋਣ। **ਕਈ ਚਿਟ-ਕਪੜੀਏ ਠੇਕੇਦਾਰ ਆਪਣੇ 'ਅਨੁਭਵ' ਦੀਆਂ ਡੀਂਗਾਂ ਮਾਰਦੇ ਹਨ ਅਤੇ ਆਪਣੇ ਭਗਤਾਂ ਨੂੰ ਪੜ੍ਹੇ-ਲਿਖੇ ਵਿਦਵਾਨਾਂ ਤੋਂ ਦੂਰ ਰਹਿਣ ਦੀ ਸਲਾਹ ਦਿੰਦੇ ਹਨ। ਭੋਲੇ-ਭਾਲੇ ਲੋਕਾਂ ਕੋਲ 'ਅਨੁਭਵ' ਨੂੰ ਜਾਨਣ ਦਾ ਕੋਈ ਪੈਮਾਨਾ ਨਹੀਂ ਹੁੰਦਾ। ਇਸ ਲਈ ਉਹ ਪੇਟ-ਪ੍ਰਸਤ ਸਾਧਾਂ ਦੇ ਵਹਿਮ-ਜਾਲ ਵਿੱਚ ਫਸੇ ਰਹਿੰਦੇ ਹਨ। ਜੇ ਉਹ ਸ਼ਰਧਾਲੂ ਜਨ ਆਪਣੇ 'ਮਹਾਂ-ਪੁਰਖਾਂ' ਦੇ 'ਅਨੁਭਵੀ ਗਿਆਨ' ਨੂੰ ਪਰਖਣ ਦੀ ਗੁਰਬਾਣੀ ਦੀ ਕਸੌਟੀ ਨੂੰ ਸਮਝ ਜਾਣ ਤਾਂ ਡੇਰਿਆਂ ਦੀਆਂ ਰੌਣਕਾਂ ਖਤਮ ਹੋ ਜਾਣ ਤੇ ਵਿਹਲੜ-ਸਾਧਾਂ ਨੂੰ ਪੇਟ-ਪੂਰਤੀ ਲਈ ਕਿਰਤ ਕਰਨ ਲਈ ਮਜਬੂਰ ਹੋਣਾ ਪੈ ਜਾਵੇ।**

ਸਤਿਗੁਰਾਂ ਦੀ ਕ੍ਰਿਪਾ ਸਦਕਾ ਇਸ ਵਕਤ ਪੰਜਾਬੀ ਅਤੇ ਅੰਗਰੇਜ਼ੀ ਵਿੱਚ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਦੇ ਅਰਥ ਹੋ ਚੁੱਕੇ ਹਨ ਅਤੇ ਇਸ ਪਾਸੇ ਹੋਰ ਯਤਨ ਜਾਰੀ ਹਨ। ਇਨ੍ਹਾਂ ਵਿੱਚੋਂ ਉੱਚੇ-ਸੁੱਚੇ ਜੀਵਨ ਦੇ ਮਾਲਕ ਤੇ ਗੁਰਮੁਖ ਵਿਦਵਾਨ ਪ੍ਰੋ: **ਸਾਹਿਬ ਸਿੰਘ ਜੀ** ਦਾ ਟੀਕਾ **'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ**

ਬਹੁਤ ਸਹਾਈ ਸਿੱਧ ਹੋ ਸਕਦਾ ਹੈ। ਇਹ ਟੀਕੇ ਸ਼ਬਦ-ਵੀਚਾਰ ਦੀ ਲੋੜ ਨੂੰ ਪੂਰਾ ਕਰਦੇ ਹਨ ਅਤੇ ਸਾਨੂੰ **ਸ਼ਬਦ-ਗੁਰੂ** ਨਾਲ ਜੋੜਦੇ ਹਨ।

**ਤੁਹਾਨੂੰ ਪਤਾ ਹੋਣਾ ਚਾਹੀਦਾ ਹੈ,**
**ਤੁਹਾਨੂੰ ਵੀ ਕੋਈ ਪੁਛ ਸਕਦਾ ਹੈ !**

**'ਗੁਰਮੁਖ ਸਿੰਘ'** ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰ ਰਿਹਾ ਸੀ। ਕੋਲ ਬੈਠਾ **'ਲਿਵਲੀਨ ਸਿੰਘ'** ਪਾਠ ਸੁਣ ਰਿਹਾ ਸੀ। ਪਾਠ ਸਮਾਪਤੀ ਉਪਰੰਤ **ਲਿਵਲੀਨ ਸਿੰਘ** ਨੇ **ਗੁਰਮੁਖ ਸਿੰਘ** ਪਾਸੋਂ ਹੇਠ ਲਿਖੀਆਂ ਤੁਕਾਂ ਦੇ ਅਰਥ ਪੁੱਛੇ—

**(ੳ) ਸੁਅਸਤਿ, ਆਥਿ ਬਾਣੀ ਬਰਮਾਉ ॥**
**(ਅ) ਸਹਸ ਅਠਾਰਹ, ਕਹਨਿ ਕਤੇਬਾ, ਅਸੁਲੂ ਇਕੁ ਧਾਤੁ ॥**
**(ੲ) ਅਮੁਲੁ ਤੁਲੁ, ਅਮੁਲੁ ਪਰਵਾਣੁ ॥**
**(ਸ) ਨਾਨਕ, ਨਦਰੀ ਪਾਈਐ, ਕੂੜੀ, ਕੂੜੈ ਠੀਸ ॥**
**(ਹ) ਤਿਥੈ, ਨਾਦ ਬਿਨੋਦ ਕੋਡ ਅਨੰਦੁ ॥**
**(ਕ) ਤਿਥੈ ਸੀਤੋ ਸੀਤਾ, ਮਹਿਮਾ ਮਾਹਿ ॥**
**(ਖ) ਅਹਰਣਿ ਮਤਿ, ਵੇਦੁ ਹਥੀਆਰੁ ॥**
**(ਗ) ਤ੍ਰਿਬਰਗ ਹੈਂ ॥ ਅਸਰਗ ਹੈਂ ॥**
**(ਘ) ਅਧੋ ਉਰਧ ਅਰਧੰ ਅਘੰ ਓਘ ਹਰਤਾ ॥**
**(ਙ) ਆਪ ਰੂਪ ਅਮੀਕ ਅਨ ਉਸਤਤਿ, ਏਕ ਪੁਰਖ ਅਵਧੂਤ ॥**
**(ਚ) ਪ੍ਰਿਥੀਸੇ ॥ ਅਦੀਸੇ ॥ ਅਦ੍ਰਿਸੇ ॥ ਅਕ੍ਰਿਸੇ ॥**
**(ਛ) ਗਨੀਮੁਲ ਸ਼ਿਕਸਤੇ ॥ ਗਰੀਬੁਲ ਪਰਸਤੇ ॥**
**(ਜ) ਅਨਝੰਝ ਗਾਤ ॥ ਅਨਰੰਜ ਬਾਤ ॥**
**(ਝ) ਅਜਾਇਬ ਬਿਭੂਤੇ, ਗਜਾਇਬ ਗਨੀਮੇ ॥**
**(ਞ) ਕੋਟਿ ਤੁਰੰਗ ਕੁਰੰਗ ਸੇ ਕੂਦਤ, ਪਉਨ ਕੇ ਗਉਨ ਕੋ ਜਾਤ ਨਿਵਾਰੇ ॥**
**(ਟ) ਤੋਰਿ ਅਰੀਨ ਮਰੋਰਿ ਮਵਾਸਨ, ਮਾਤੇ ਮਤੰਗਨਿ ਮਾਨ ਮਲੈਂਗੇ ॥**
**(ਠ) ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸੁ ਨਿਵਾਇਓ ॥**

**ਗੁਰਮੁਖ ਸਿੰਘ** ਤੁਕਾਂ ਸੁਣ-ਸੁਣ ਹੈਰਾਨ ਹੁੰਦਾ ਗਿਆ। ਦਿਮਾਗ ਤੇ ਜ਼ੋਰ ਪਾਉਣ ਦੇ ਬਾਵਜੂਦ ਉਹ **ਲਿਵਲੀਨ ਸਿੰਘ** ਵੱਲੋਂ ਪੁੱਛੀਆਂ ਤੁਕਾਂ ਵਿੱਚੋਂ ਕਿਸੇ ਇੱਕ ਦੇ ਵੀ ਅਰਥ ਨਾ ਦਸ ਸਕਿਆ। ਉਹ ਹੈਰਾਨ ਤੇ ਪ੍ਰੇਸ਼ਾਨ ਹੋ ਰਿਹਾ ਸੀ। ਜਿਨ੍ਹਾਂ ਬਾਣੀਆਂ ਨੂੰ ਉਹ ਕਈ ਸਾਲਾਂ ਤੋਂ ਰੋਜ਼ ਪੜ੍ਹਦਾ ਆ ਰਿਹਾ ਹੈ, ਉਸ ਦੇ ਅਰਥਾਂ ਬਾਰੇ ਉਸ ਨੂੰ ਕੋਈ ਪਤਾ ਨਹੀਂ ਸੀ। ਉਸ ਕਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ ਕਿ ਕੋਈ ਚੰਗਾ **ਗੁਰਬਾਣੀ ਦਾ ਸਟੀਕ** ਲੈ ਕੇ ਅਰਥ ਵੇਖ ਲਵੇ। ਉਹ ਹੋਰ ਜ਼ਿਆਦਾ ਪ੍ਰੇਸ਼ਾਨ ਹੋ ਗਿਆ ਜਦੋਂ **ਲਿਵਲੀਨ ਸਿੰਘ** ਨੇ ਉਸ ਤੇ ਅਗਲਾ ਸੁਆਲ ਕਰ ਦਿੱਤਾ—

"**ਗੁਰਮੁਖ ਸਿੰਘ ਜੀ !** ਜੇ ਤੁਹਾਨੂੰ ਇਹਨਾਂ ਤੁਕਾਂ ਦੇ ਅਰਥਾਂ ਦਾ ਪਤਾ ਨਹੀ ਤਾਂ ਜਦੋਂ ਤੁਸੀਂ

ਗੁਰਬਾਣੀ ਵਿੱਚੋਂ ਇਹ ਤੁਕਾਂ ਪੜ੍ਹਦੇ ਹੋ ਤਾਂ ਤੁਸੀਂ ਕੀ ਮਹਿਸੂਸ ਕਰਦੇ ਹੋ ? ਤੁਹਾਡਾ ਧਿਆਨ, ਤੁਹਾਡੀ ਸੁਰਤੀ ਉਸ ਵਕਤ ਕਿਸ ਤਰ੍ਹਾਂ ਇਕਾਗਰ ਹੁੰਦੀ ਹੈ ? ਗੁਰਬਾਣੀ ਦਾ ਰਸ ਤੁਹਾਨੂੰ ਕਿਸ ਤਰ੍ਹਾਂ ਆਉਂਦਾ ਹੈ ? ਕਿਉਂਕਿ ਜਿਹੜੀ ਤੁਕ ਦੇ ਅਰਥ ਭਾਵ ਦਾ ਸਾਨੂੰ ਪਤਾ ਨਾ ਹੋਵੇ, ਉਸ ਦੇ ਉਚਾਰਨ ਸਮੇਂ ਉਸ ਵਿਚਲਾ ਪੂਰਾ ਰਸ ਅਸੀਂ ਕਿਵੇਂ ਲੈ ਸਕਦੇ ਹਾਂ ? ਜੇ ਕੋਈ ਸਾਡੇ ਨਾਲ ਐਸੀ ਭਾਸ਼ਾ ਵਿੱਚ ਗੱਲ ਕਰੇ, ਜਿਸ ਦੀ ਸਾਨੂੰ ਉਕਾ ਸਮਝ ਨਾ ਆਉਂਦੀ ਹੋਵੇ ਤਾਂ ਉਸ ਦੀ ਕਹੀ ਗੱਲ ਨੂੰ ਅਸੀਂ ਕਿਵੇਂ ਸਮਝ ਕੇ ਉਸ ਦਾ ਜੁਆਬ ਦੇ ਸਕਦੇ ਹਾਂ ? ਸਾਨੂੰ ਕੀ ਪਤਾਂ, ਉਹ ਸਾਨੂੰ ਕੀ ਕਹਿ ਰਿਹਾ ਹੈ ? ਵੇਖੋ ! ਨਿੱਤਨੇਮ ਦੀਆਂ ਬਾਣੀਆਂ **'ਜਾਪੁ ਸਾਹਿਬ'** ਤੇ **'ਤ੍ਵਪ੍ਰਸਾਦਿ ਸਵਯੇ'** ਵਿੱਚ ਐਸੀ ਭਾਸ਼ਾ ਵਰਤੀ ਹੋਈ ਹੈ ਜੋ ਅਸੀਂ ਆਮ ਪੜ੍ਹਦੇ ਨਹੀਂ। ਜਿੰਨਾਂ ਚਿਰ ਅਸੀਂ ਕਿਸੇ ਚੰਗੇ ਟੀਕਾਕਾਰ ਦਾ ਟੀਕਾ (ਸਟੀਕ) ਪੜ੍ਹ ਕੇ ਇਹਨਾਂ ਬਾਣੀਆਂ ਦੇ ਅਰਥ ਭਾਵ ਨਹੀਂ ਜਾਣ ਲੈਂਦੇ, ਸਾਨੂੰ ਇਹਨਾਂ ਦਾ ਪੂਰਨ ਅਨੰਦ ਨਹੀਂ ਆ ਸਕਦਾ। **'ਜਾਪੁ ਸਾਹਿਬ'** ਦੀ ਬਾਣੀ ਵਿੱਚ ਤਾਂ ਪ੍ਰਭੂ ਦੇ ਗੁਣ ਕਹਿ ਕਹਿ ਕੇ ਸਿੱਧੀ ਪਰਮਾਤਮਾ ਦੀ ਸਿਫਤ ਸਲਾਹ ਕੀਤੀ ਗਈ ਹੈ, ਇੰਜ ਲਗਦਾ ਹੈ ਜਿਵੇਂ ਪ੍ਰਭੂ ਦੇ ਸਾਹਮਣੇ ਬੈਠ ਕੇ ਗੁਰੂ ਜੀ ਉਸ ਦੀ ਸਿਫਤ ਸਲਾਹ ਕਰ ਰਹੇ ਹਨ। ਪਰ ਜੇ ਸਾਨੂੰ ਇਹਨਾਂ ਸਿਫਤ ਸਲਾਹ ਕਰਨ ਵਾਲੇ ਸ਼ਬਦਾਂ ਦੇ ਅਰਥਾਂ ਦਾ ਪਤਾ ਨਹੀਂ ਤਾਂ ਇਸ ਸਿਫਤ ਸਲਾਹ ਵਿੱਚੋਂ ਸਾਨੂੰ ਪੂਰਨ ਅਨੰਦ ਕਿਵੇਂ ਆ ਸਕਦਾ ਹੈ ? ਅਸੀਂ ਮੂੰਹੋਂ ਪੜ੍ਹ ਰਹੇ ਹਾਂ, **"ਅਮੀਕ ਹੈਂ।। ਰਫੀਕ ਹੈਂ।। ਅਧੰਧ ਹੈਂ।। ਅਬੰਧ ਹੈਂ।।"** ਪਰ ਸਾਨੂੰ ਇਹ ਬਿਲਕੁਲ ਪਤਾ ਨਹੀਂ ਕਿ **ਅਮੀਕ** ਦਾ ਕੀ ਅਰਥ ਹੈ ਤੇ **ਰਫੀਕ** ਕਿਸ ਨੂੰ ਕਹਿੰਦੇ ਹਨ। ਜੇ ਸਾਨੂੰ ਕੋਈ ਕਹਿ ਦੇਵੇ ਤੁਸੀਂ **ਅਮੀਕ** ਹੋ, ਤੁਸੀਂ **ਰਫੀਕ** ਹੋ, ਤਾਂ ਅਸੀਂ ਕੀ ਸਮਝਾਂਗੇ ਕਿ ਸਾਨੂੰ ਉਸ ਨੇ ਕੀ ਕਿਹਾ ਹੈ ? ਪਰ ਜੇ ਸਾਨੂੰ ਪਤਾ ਹੋਵੇ ਕਿ **ਅਮੀਕ ਦਾ ਅਰਥ–ਅਥਾਹ ਹੈ, ਰਫੀਕ ਦਾ ਅਰਥ–ਸਾਥੀ ਹੈ, ਅਧੰਧ ਦਾ ਅਰਥ ਝੰਬੇਲਿਆਂ ਤੋਂ ਰਹਿਤ ਹੈ ਤੇ ਅਬੰਧ ਦਾ ਅਰਥ ਮਾਇਆ ਦੇ ਬੰਧਨਾਂ ਤੋਂ ਰਹਿਤ** ਹੈ ਤਾਂ ਇਹਨਾਂ ਤੁਕਾਂ ਨੂੰ ਪੜ੍ਹਣ ਦਾ ਸੁਆਦ ਆ ਜਾਵੇਗਾ। ਇਸੇ ਲਈ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਿੱਖਾਂ ਨੂੰ ਇਹ ਹਿਦਾਇਤ ਕੀਤੀ ਸੀ ਕਿ ਜਿਵੇਂ ਤੁਸੀਂ ਘਰ ਦੇ ਕੰਮ ਕਾਜ ਕਰਨ ਲੱਗਿਆਂ ਢਿਲ ਨਹੀਂ ਵਰਤਦੇ, ਪੂਰੀ ਚੌਕਸੀ ਤੇ ਪੂਰੀ ਮਿਹਨਤ ਤੇ ਪੂਰੀ ਦਿਲਚਸਪੀ ਨਾਲ ਸਭ ਧੰਦੇ ਕਰਦੇ ਹੋ, ਇਵੇਂ ਹੀ ਸਮਾਂ ਕੱਢ ਕੇ, ਸਮਾਂ ਲਾ ਕੇ, ਗੁਰਬਾਣੀ ਨਾਲ ਪਿਆਰ ਕਰੋ। ਬਾਣੀ ਦੇ ਅਰਥਾਂ ਨੂੰ ਸਮਝੋ। ਬਾਰ ਬਾਰ ਸਮਝੋ ਤੇ ਜੋ ਅਰਥ ਭਾਵ ਬਾਣੀ ਵਿੱਚੋਂ ਸਮਝ ਆਉਣ ਉਹਨਾਂ ਦੀ ਵੀਚਾਰ ਕਰਕੇ ਉਹਨਾਂ ਨੂੰ ਆਪਣੇ ਜੀਵਨ ਵਿੱਚ ਢਾਲਣ ਦਾ ਯਤਨ ਕਰੋ। ਗੁਰੂ ਪਾਤਸ਼ਾਹ ਦੇ ਬਚਨਾਂ ਨੂੰ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਇਸ ਪ੍ਰਕਾਰ ਅੰਕਿਤ ਕੀਤਾ ਹੈ—

> **"ਜਿਮ ਨਿਸਦਿਨ ਘਰ ਕਾਜ ਸੁਧਾਰੇ।।**
> **ਤਿਆਗਹਿ ਕਬਹੂੰ ਨਾ, ਲਾਗਹਿ ਪਿਆਰੇ।।**
> **ਤਥਾ ਪਿਆਰ ਕਰੋ ਗੁਰਬਾਣੀ।।**
> **ਪੜ੍ਹਨ ਸੁਣਨ ਕੀਜੇ ਰੁਚਿ ਠਾਨੀ।।**
> **ਧਰਯੋ ਅਰਥ ਜੋ ਸ਼ਬਦ ਮਝਾਰਾ।।**
> **ਬਾਰ ਬਾਰ ਉਰਿ ਕਰੋ ਵੀਚਾਰਾ।।"**

**ਲਿਵਲੀਨ ਸਿੰਘ** ਪਾਸੋਂ ਅਜਿਹੇ ਉੱਤਮ ਵੀਚਾਰ ਸੁਣ ਕੇ **ਗੁਰਮੁਖ ਸਿੰਘ** ਦੀ ਆਤਮਾ ਬਹੁਤ

ਪ੍ਰਸੰਨ ਹੋਈ, ਉਸ ਨੂੰ ਬੜਾ ਪਛਤਾਵਾ ਹੋਇਆ ਕਿ ਉਸ ਨੇ ਜ਼ਿੰਦਗੀ ਦੇ ਕਿੰਨੇ ਕੀਮਤੀ ਵਰ੍ਹੇ ਬਾਣੀ ਦਾ ਪੂਰਨ ਅਨੰਦ ਲਏ ਬਿਨਾਂ ਗੁਜ਼ਾਰ ਦਿੱਤੇ। ਉਸ ਨੇ **ਲਿਵਲੀਨ ਸਿੰਘ** ਨੂੰ ਵਚਨ ਦਿੱਤਾ ਕਿ ਉਹ ਹੁਣ ਜਿੰਨੀ ਵੀ ਬਾਣੀ ਪੜ੍ਹੇਗਾ, ਅਰਥ ਵੀਚਾਰ ਕੇ ਪੜ੍ਹੇਗਾ ਤੇ ਹਰ ਰੋਜ਼ ਕੁਝ ਸਮਾਂ ਇਸ ਉੱਤਮ ਕਾਰਜ ਵਾਸਤੇ ਰਾਖਵਾਂ ਰੱਖੇਗਾ। **ਗੁਰਮੁਖ ਸਿੰਘ** ਨੇ **ਲਿਵਲੀਨ ਸਿੰਘ** ਨੂੰ ਬੇਨਤੀ ਕੀਤੀ ਕਿ ਉਹ ਗੁਰਬਾਣੀ ਦੇ ਵਧੀਆ ਸਟੀਕ ਉਸ ਨੂੰ ਲਿਆ ਕੇ ਦੇਵੇ ਤਾਂ ਕਿ ਉਹ ਗੁਰਬਾਣੀ ਦੇ ਅਰਥ ਭਾਵਾਂ ਤੋਂ ਜਾਣੂੰ ਹੋ ਸਕੇ।

**ਇਹ ਹਾਲਤ ਇਕੱਲੇ ਗੁਰਮੁਖ ਸਿੰਘ ਦੀ ਨਹੀਂ ਸਾਡੇ ਵਿੱਚੋਂ ਬਹੁਤਿਆਂ ਦੀ ਵੀ ਹੋ ਸਕਦੀ ਹੈ। ਗੁਰਬਾਣੀ ਦੇ ਅਰਥਾਂ ਬਾਰੇ ਸਾਨੂੰ, ਤੁਹਾਨੂੰ, ਸਭ ਨੂੰ ਪਤਾ ਹੋਣਾ ਚਾਹੀਦਾ ਹੈ। ਕੋਈ ਤੁਹਾਨੂੰ ਵੀ, ਲਿਵਲੀਨ ਸਿੰਘ ਵਾਂਗੂੰ ਪੁੱਛ ਸਕਦਾ ਹੈ।**

* ਜੇ ਤੁਸੀਂ ਗੁਰਬਾਣੀ ਦਾ ਪੂਰਾ ਅਨੰਦ ਤੇ ਰਸ ਲੈਣਾ ਚਾਹੁੰਦੇ ਹੋ।

* ਜੇ ਤੁਸੀਂ ਚਾਹੁੰਦੇ ਹੋ ਕਿ ਲਿਵਲੀਨ ਸਿੰਘ ਵਰਗੇ ਕਿਸੇ ਗੁਰਸਿੱਖ ਦੇ ਪੁੱਛਣ ਤੇ ਤੁਹਾਨੂੰ ਪਰੇਸ਼ਾਨ ਨਾ ਹੋਣਾ ਪਵੇ।

**ਤਾਂ**

ਅੱਜ ਹੀ **'ਸਿੱਖ ਮਿਸ਼ਨਰੀ ਕਾਲਜ ਲੁਧਿਆਣਾ'** ਪਾਸੋਂ ਹੇਠ ਲਿਖੇ ਸਟੀਕ ਮੰਗਵਾ ਕੇ ਪੜ੍ਹੋ।

**੧. ਨਿਤਨੇਮ ਸਟੀਕ ੬. ਬਾਰਹ ਮਾਹ ਸਟੀਕ**

**੨. ਜਪੁ ਜੀ ਸਾਹਿਬ ਸਟੀਕ ੭. ਗੁਰੂ ਗ੍ਰੰਥ ਸਾਹਿਬ ਦਰਪਣ (ਪ੍ਰੋ: ਸਾਹਿਬ ਸਿੰਘ) ੧੦ ਪੋਥੀਆਂ**

**੩. ਰਹਰਾਸਿ ਤੇ ਸੋਹਿਲਾ ਸਟੀਕ ੮. ਅਨੰਦੁ ਸਾਹਿਬ ਸਟੀਕ**

**੪. ਜਾਪੁ ਸਾਹਿਬ ਸਟੀਕ ੯. ਆਸਾ ਕੀ ਵਾਰ ਸਟੀਕ**

**੫. ਤ੍ਵਪ੍ਰਸਾਦਿ ਸਵਈਏ ਤੇ ਚੌਪਈ ਸਟੀਕ ੧੦. ਸੁਖਮਨੀ ਸਾਹਿਬ ਸਟੀਕ**

ਉਪਰੋਕਤ ਤੇ ਹੋਰ ਬਾਣੀਆਂ ਦੇ ਸਟੀਕ ਜਿਹੜੇ ਪਾਠਕ ਰਜਿਸਟਰਡ ਡਾਕ ਰਾਹੀਂ ਮੰਗਵਾਉਣਾ ਚਾਹੁਣ ਉਹ ੧੦ ਰੁਪਏ ਰਜਿਸਟਰਡ ਡਾਕ ਖਰਚਾ ਵਾਧੂ ਭੇਜਣ। ਮਾਇਆ ਮਨੀਆਰਡਰ, ਡਾਕ ਟਿਕਟਾਂ ਜਾਂ ਬੈਂਕ ਡਰਾਫਟ ਰਾਹੀਂ ਪਹਿਲੋਂ ਭੇਜਣੀ ਜ਼ਰੂਰੀ ਹੈ। **VPP** ਮੰਗਵਾਉਣ ਤੇ ਡਾਕ ਖਰਚਾ ਘੱਟ ਲਗਦਾ ਹੈ। ਇਸ ਲਈ **VPP** ਕਰਨ ਲਈ ਲਿਖੋ ਜੀ।

ਪਤਾ :

## ਸਿੱਖ ਮਿਸ਼ਨਰੀ ਕਾਲਜ (ਰਜਿ:)

੧੦੫੧, ਕੂਚਾ ੧੪, ਫੀਲਡ ਗੰਜ, ਲੁਧਿਆਣਾ-੧੪੧੦੦੮

❀ ✿ ❀